ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 14 ਨਵੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੨੯ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਡਾਕਟਰਾਂ ਵੱਲੋਂ ਐਮਰਜੈਂਸੀ ਐਲਾਨਣ ਦੀ ਮੰਗ ! ਸਿੰਧ 'ਚ ਡੇਂਗੂ ਕਾਰਨ ਹੁਣ ਤੱਕ 29 ਲੋਕਾਂ ਦੀ ਮੌਤ

**ਇਸਲਾਮਾਬਾਦ, 13 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਦੇ ਸਿੰਧ ਸੂਬੇ 'ਚ ਡੇਂਗੂ ਦਾ ਕਹਿਰ ਲਗਾਤਾਰ ਜਾਰੀ ਹੈ। ਕਰਾਚੀ ਤੇ ਹੈਦਰਾਬਾਦ 'ਚ ਦੋ ਹੋਰ ਔਰਤਾਂ ਦੀ ਮੌਤ ਤੋਂ ਬਾਅਦ, 2025 'ਚ ਸਿੰਧ 'ਚ ਡੇਂਗੂ ਨਾਲ ਮਰਨ ਵਾਲਿਆਂ ਦੀ ਕੁੱਲ ਗਿਣਤੀ 29 ਹੋ ਗਈ ਹੈ। ਸੂਬੇ ਦੇ ਸਿਹਤ ਵਿਭਾਗ ਨੇ ਦੱਸਿਆ ਕਿ ਪਿਛਲੇ 24 ਘੰਟਿਆਂ ਦੌਰਾਨ ਸਿੰਧ 'ਚ 5,412 ਟੈਸਟ ਕੀਤੇ ਗਏ, ਜਿਨ੍ਹਾਂ 'ਚੋਂ 976 ਲੋਕ ਡੇਂਗੂ ਤੋਂ ਪੀੜਤ ਪਾਏ ਗਏ। ਇਨ੍ਹਾਂ 'ਚੋਂ ਕਰਾਚੀ ਡਿਵੀਜ਼ਨ 'ਚ 3,951 ਟੈਸਟਾਂ 'ਚੋਂ 528 ਕੇਸ ਪਾਜ਼ੇਟਿਵ ਪਾਏ ਗਏ, ਜਦੋਂ ਕਿ ਹੈਦਰਾਬਾਦ ਡਿਵੀਜ਼ਨ 'ਚ 1,461 ਟੈਸਟਾਂ 'ਚੋਂ 448 ਕੇਸਾਂ ਦੀ ਪੁਸ਼ਟੀ ਹੋਈ। ਸਿੰਧ 'ਚ ਅਕਤੂਬਰ ਮਹੀਨੇ ਦੌਰਾਨ 8,331 ਡੇਂਗੂ ਕੇਸ ਦਰਜ ਕੀਤੇ ਗਏ, ਜਿਸ ਨਾਲ 2025 'ਚ ਕੇਸਾਂ ਦੀ ਕੁੱਲ ਗਿਣਤੀ 13,908 ਤੱਕ ਪਹੁੰਚ ਗਈ ਹੈ। ਸਿਹਤ ਸਕੱਤਰ ਰਿਹਾਨ ਬਲੋਚ ਨੇ ਦੱਸਿਆ ਕਿ ਪਿਛਲੇ 24 ਘੰਟਿਆਂ 'ਚ 127 ਨਵੇਂ ਡੇਂਗੂ ਮਰੀਜ਼ ਸਰਕਾਰੀ ਹਸਪਤਾਲਾਂ 'ਚ ਅਤੇ 84 ਨਿੱਜੀ ਹਸਪਤਾਲਾਂ 'ਚ ਦਾਖਲ ਕੀਤੇ ਗਏ। ਵਰਤਮਾਨ 'ਚ, 269 ਮਰੀਜ਼ ਸਰਕਾਰੀ ਹਸਪਤਾਲਾਂ 'ਚ ਤੇ 184 ਨਿੱਜੀ ਹਸਪਤਾਲਾਂ 'ਚ ਇਲਾਜ ਅਧੀਨ ਹਨ। ਇਸ ਗੰਭੀਰ ਸਥਿਤੀ ਦੇ ਮੱਦੇਨਜ਼ਰ, ਪਾਕਿਸਤਾਨ ਮੈਡੀਕਲ ਐਸੋਸੀਏਸ਼ਨ ਨੇ ਸਰਕਾਰ ਨੂੰ ਕਰਾਚੀ ਤੇ ਹੈਦਰਾਬਾਦ ਦੇ ਪ੍ਰਭਾਵਿਤ ਹਿੱਸਿਆਂ 'ਚ ਸਿਹਤ ਐਮਰਜੈਂਸੀ ਐਲਾਨਣ ਤੇ ਪ੍ਰਭਾਵਸ਼ਾਲੀ ਵੈਕਟਰ-ਕੰਟਰੋਲ ਉਪਾਅ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ।

## ਅਲ ਫਲਾਹ ਯੂਨੀਵਰਸਿਟੀ 'ਤੇ ਈ. ਡੀ. ਨੇ ਕੱਸਿਆ ਸ਼ਿਕੰਜਾ !

# ਫੰਡਿੰਗ ਅਤੇ ਮਨੀ ਟ੍ਰੇਲ ਦੀ ਹੋਵੇਗੀ ਜਾਂਚ

**ਨਵੀਂ ਦਿੱਲੀ/ਫਰੀਦਾਬਾਦ, 13 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਫਰੀਦਾਬਾਦ ਦੀ ਅਲ-ਫਲਾਹ ਯੂਨੀਵਰਸਿਟੀ ਹੁਣ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੀ ਰਾਡਾਰ 'ਤੇ ਹੈ। ਏਜੰਸੀ ਯੂਨੀਵਰਸਿਟੀ ਦੇ ਵਿੱਤੀ ਲੈਣ-ਦੇਣ ਅਤੇ ਸ਼ੱਕੀ ਲੈਣ-ਦੇਣ ਦੀ ਡੂੰਘਾਈ ਨਾਲ ਜਾਂਚ ਕਰੇਗੀ। ਹੋਰ ਜਾਂਚ ਏਜੰਸੀਆਂ ਵੀ ਅੱਤਵਾਦੀ ਫੰਡਿੰਗ ਦੀ ਜਾਂਚ ਕਰ ਰਹੀਆਂ ਹਨ ਅਤੇ ਪੈਸੇ ਦੇ ਟ੍ਰੇਲ ਦਾ ਪਤਾ ਲਗਾ ਰਹੀਆਂ ਹਨ। ਇਹ ਮੰਨਿਆ ਜਾ ਰਿਹਾ ਹੈ ਕਿ ਯੂਨੀਵਰਸਿਟੀ ਦੇ ਖਾਤਿਆਂ ਅਤੇ ਸਬੰਧਤ ਸੰਸਥਾਵਾਂ ਦੀ ਜਾਂਚ ਕਰਨ ਨਾਲ ਅੱਤਵਾਦੀ ਮਾਡਿਊਲ ਦੇ ਫੰਡਿੰਗ ਸੰਬੰਧੀ ਮਹੱਤਵਪੂਰਨ ਸੁਰਾਗ ਮਿਲ ਸਕਦੇ ਹਨ। ਐਨਆਈਏ ਪਹਿਲਾਂ ਹੀ ਦਿੱਲੀ ਬੰਬ ਧਮਾਕਿਆਂ ਦੀ ਜਾਂਚ ਕਰ ਰਹੀ ਹੈ। ਹੁਣ, ਈਡੀ ਅਤੇ ਈਓਡਬਲਯੂ ਵੀ ਜਾਂਚ ਵਿੱਚ ਸ਼ਾਮਲ ਹੋ ਗਏ ਹਨ। ਇਸ ਦੌਰਾਨ, ਹਰਿਆਣਾ ਪੁਲਿਸ ਵੀ ਫਰੀਦਾਬਾਦ ਅੱਤਵਾਦੀ ਮਾਡਿਊਲ ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਅਲ-ਫਲਾਹ ਯੂਨੀਵਰਸਿਟੀ ਦੇ ਮੁੱਖ ਦਫਤਰ ਪਹੁੰਚੀ ਹੈ। ਦੱਸਿਆ ਜਾ ਰਿਹਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ, ਡਾ. ਮੁਜ਼ਿਮਲ, ਡਾ. ਸ਼ਾਹੀਨ ਸਈਦ ਅਤੇ ਡਾ. ਉਮਰ, ਯੂਨੀਵਰਸਿਟੀ ਨਾਲ ਜੁੜੇ ਹੋਏ ਸਨ। ਪੁਲਿਸ ਜਾਂਚ ਵਿੱਚ ਨਵੇਂ ਸਬੂਤਾਂ ਦਾ ਖੁਲਾਸਾ ਕਰਨ ਲਈ ਇਨ੍ਹਾਂ ਤਿੰਨਾਂ ਵਿਅਕਤੀਆਂ ਨਾਲ ਸਬੰਧਤ ਵਿਸਤ੍ਰਿਤ ਜਾਣਕਾਰੀ ਅਤੇ ਦਸਤਾਵੇਜ਼ ਇਕੱਠੇ ਕਰਨ ਲਈ ਯੂਨੀਵਰਸਿਟੀ ਪਹੁੰਚ ਗਈ ਹੈ। ਸੁਰੱਖਿਆ ਏਜੰਸੀਆਂ ਜਿਸ ਲਾਲ ਬ੍ਰੇਜ਼ਾ ਕਾਰ ਦੀ ਤਲਾਸ਼ ਕਰ ਰਹੀਆਂ ਸਨ, ਉਹ ਆਖਰਕਾਰ ਬਰਾਮਦ ਕਰ ਲਈ ਗਈ ਹੈ। ਰਿਪੋਰਟਾਂ ਅਨੁਸਾਰ, ਇਹ ਕਾਰ ਫਰੀਦਾਬਾਦ ਦੇ ਅਲ-ਫਲਾਹ ਯੂਨੀਵਰਸਿਟੀ ਕੈਂਪਸ ਤੋਂ ਮਿਲੀ ਸੀ। ਇਹ ਉਹੀ ਬ੍ਰੇਜ਼ਾ ਕਾਰ ਹੈ ਜਿਸ ਬਾਰੇ ਕਿਹਾ ਜਾ ਰਿਹਾ ਸੀ ਕਿ ਇਹ ਫਰੀਦਾਬਾਦ ਅੱਤਵਾਦੀ ਮਾਡਿਊਲ ਨਾਲ ਜੁੜੀ ਹੋਈ ਹੈ ਅਤੇ ਇਸ ਵਿੱਚ ਵਿਸਫੋਟਕ ਹੋਣ ਦਾ ਸ਼ੱਕ ਸੀ। ਇਸ ਵੇਲੇ, ਫੋਰੈਂਸਿਕ ਟੀਮ ਕਾਰ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਸੂਤਰਾਂ ਅਨੁਸਾਰ, ਇਹ ਲਾਲ ਬ੍ਰੇਜ਼ਾ ਡਾਕਟਰ ਸ਼ਾਹੀਨ ਦੇ ਨਾਮ 'ਤੇ ਰਜਿਸਟਰਡ ਹੈ, ਉਹੀ ਡਾਕਟਰ ਸ਼ਾਹੀਨ ਜਿਸਨੂੰ ਪਹਿਲਾਂ ਹੀ ਫਰੀਦਾਬਾਦ ਡਾਕਟਰ ਅੱਤਵਾਦੀ ਮਾਡਿਊਲ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।




## ਅਲ ਫਲਾਹ ਯੂਨੀਵਰਸਿਟੀ ਦੀ ਪਾਰਕਿੰਗ 'ਚੋਂ ਮਿਲੀ ਚੌਥੀ ਸ਼ੱਕੀ ਕਾਰ

**ਨਵੀਂ ਦਿੱਲੀ, 13 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਲਾਲ ਕਿਲ੍ਹੇ ਨੇੜੇ ਹੋਏ ਭਿਆਨਕ ਬੰਬ ਧਮਾਕੇ ਦੀ ਜਾਂਚ ਵਿੱਚ ਇੱਕ ਹੋਰ ਵੱਡਾ ਖੁਲਾਸਾ ਹੋਇਆ ਹੈ। ਜਾਂਚ ਏਜੰਸੀਆਂ ਨੇ ਅੱਤਵਾਦੀ ਸਾਜ਼ਿਸ਼ ਵਿੱਚ ਵਰਤੀ ਗਈ ਚੌਥੀ ਸ਼ੱਕੀ ਕਾਰ ਦਾ ਸੁਰਾਗ ਲਗਾਇਆ ਹੈ। ਸਿਲਵਰ ਰੰਗ ਦੀ ਇਹ ਮਾਰੂਤੀ ਬ੍ਰੇਜ਼ਾ ਕਾਰ ਫਰੀਦਾਬਾਦ ਸਥਿਤ ਅਲ-ਫਲਾਹ ਯੂਨੀਵਰਸਿਟੀ ਦੀ ਪਾਰਕਿੰਗ ਵਿੱਚ ਖੜ੍ਹੀ ਮਿਲੀ ਹੈ। ਇਸ ਖ਼ਬਰ ਤੋਂ ਬਾਅਦ ਤੁਰੰਤ ਏਟੀਐਸ ਅਤੇ ਐਨਆਈਏ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਹਨ। ਅਧਿਕਾਰੀਆਂ ਨੇ ਯੂਨੀਵਰਸਿਟੀ ਦੀ ਪਾਰਕਿੰਗ ਵਿੱਚ ਖੜ੍ਹੀ ਇਸ ਗੱਡੀ ਦੀ ਜਾਂਚ ਲਈ ਬੰਬ ਨਿਰੋਧਕ ਦਸਤਾ ਅਤੇ ਫੋਰੈਂਸਿਕ ਟੀਮਾਂ ਨੂੰ ਵੀ ਬੁਲਾਇਆ ਹੈ। ਸੂਤਰਾਂ ਅਨੁਸਾਰ, ਇਹ ਬ੍ਰੇਜ਼ਾ ਕਾਰ ਵੀ ਲਾਲ ਕਿਲ੍ਹਾ ਬਲਾਸਟ ਦੇ ਮੁੱਖ ਮੁਲਜ਼ਮ ਡਾ. ਉਮਰ ਨਬੀ ਦੇ ਨੈੱਟਵਰਕ ਅਤੇ ਮੂਵਮੈਂਟ ਨਾਲ ਜੁੜੀ ਦੱਸੀ ਜਾ ਰਹੀ ਹੈ। ਇਹ ਬ੍ਰੇਜ਼ਾ ਕਾਰ ਵੀ ਉਸੇ ਡਾ. ਸ਼ਾਹੀਨ ਦੇ ਨਾਂ 'ਤੇ ਰਜਿਸਟਰਡ ਹੈ, ਜਿਸ ਦੀ ਇੱਕ ਹੋਰ ਕਾਰ (ਮਾਰੂਤੀ ਸਵਿਫਟ) ਵਿੱਚੋਂ ਛਾਪੇਮਾਰੀ ਦੌਰਾਨ ਅਸਾਲਟ ਰਾਈਫਲ ਮਿਲੀ ਸੀ।

**ਚਾਰ ਗੱਡੀਆਂ ਆਈਆਂ ਜਾਂਚ ਦੇ ਘੇਰੇ 'ਚ**

ਇਸ ਨਵੀਂ ਕਾਰ ਦੀ ਬਰਾਮਦਗੀ ਨਾਲ ਜਾਂਚ ਵਿੱਚ ਹੁਣ ਤੱਕ ਕੁੱਲ ਚਾਰ ਗੱਡੀਆਂ ਸਾਹਮਣੇ ਆ ਚੁੱਕੀਆਂ ਹਨ। ਇਨ੍ਹਾਂ ਵਿੱਚ ਸ਼ਾਮਲ ਹਨ: 1. ਮਾਰੂਤੀ ਸਵਿਫਟ: ਜੋ ਡਾ. ਸ਼ਾਹੀਨ ਦੇ ਨਾਂ 'ਤੇ ਸੀ ਅਤੇ ਜਿਸ ਵਿੱਚੋਂ ਅਸਾਲਟ ਰਾਈਫਲ ਮਿਲੀ ਸੀ। 2. ਸਫੇਦ ਆਈ 20: ਜਿਸ ਨੂੰ ਉਮਰ ਨਬੀ ਚਲਾ ਰਿਹਾ ਸੀ ਅਤੇ ਜਿਸ ਦੇ ਜ਼ਰੀਏ ਧਮਾਕਾ ਕੀਤਾ ਗਿਆ। 3. ਲਾਲ ਈਕੋ ਸਪੋਰਟ: ਬਰਾਮਦਗੀ ਉਪਰੰਤ ਜਾਂਚ ਅਜੇ ਜਾਰੀ ਹੈ। 4. ਸਿਲਵਰ ਬ੍ਰੇਜ਼ਾ: ਜੋ ਹੁਣ ਅਲ-ਫਲਾਹ ਯੂਨੀਵਰਸਿਟੀ ਦੀ ਪਾਰਕਿੰਗ 'ਚੋਂ ਮਿਲੀ ਹੈ।

ਪੁਲਸ ਨੂੰ ਸ਼ੱਕ ਹੈ ਕਿ ਇਸ ਬ੍ਰੇਜ਼ਾ ਦੀ ਵਰਤੋਂ ਧਮਾਕੇ ਤੋਂ ਪਹਿਲਾਂ ਵਿਸਫੋਟਕ ਸਮੱਗਰੀ ਦੇ ਤਬਾਦਲੇ ਜਾਂ ਹੋਰ ਲੌਜਿਸਟਿਕ ਸਹਾਇਤਾ ਲਈ ਕੀਤੀ ਗਈ ਹੋ ਸਕਦੀ ਹੈ। ਫਰੀਦਾਬਾਦ ਪੁਲਸ ਨੇ ਸੁਰੱਖਿਆ ਕਾਰਨਾਂ ਕਰਕੇ ਯੂਨੀਵਰਸਿਟੀ ਕੈਂਪਸ ਨੂੰ ਅਸਥਾਈ ਤੌਰ 'ਤੇ ਸੀਲ ਕਰ ਦਿੱਤਾ ਹੈ।

## WHO ਦੀ ਭਾਰਤ ਨੂੰ ਵੱਡੀ ਚਿਤਾਵਨੀ, ਦੁੱਧ ਦੀ ਰਿਪੋਰਟ ਨੇ ਖੋਲ੍ਹੇ ਵੱਡੇ ਰਾਜ਼

World Health Organization

**ਨਵੀਂ ਦਿੱਲੀ, 13 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਨਕਲੀ ਅਤੇ ਮਿਲਾਵਟੀ ਦੁੱਧ ਦੇ ਕਾਰੋਬਾਰੀ ਮਨੁੱਖੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਭਾਰਤ 'ਚ ਰੋਜ਼ਾਨਾ 64 ਕਰੋੜ ਲੀਟਰ ਦੁੱਧ ਦੀ ਵਿਕਰੀ ਹੁੰਦੀ ਹੈ, ਜਿਸ 'ਚੋਂ 50 ਕਰੋੜ ਲੀਟਰ ਮਿਲਾਵਟੀ ਤੇ ਨਕਲੀ ਹੋਣ ਦਾ ਖ਼ਦਸ਼ਾ ਹੈ। ਏਧਰ 6 ਕਰੋੜ ਲੀਟਰ ਡੱਬਾ ਬੰਦ ਦੁੱਧ ਲੋਕ ਰੋਜ਼ਾਨਾ ਪੀਂਦੇ ਹਨ। ਵਿਸ਼ਵ ਸਿਹਤ ਸੰਗਠਨ ਨੇ ਭਾਰਤ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮਿਲਾਵਟੀ ਅਤੇ ਨਕਲੀ ਦੁੱਧ ਦੇ ਕਾਰੋਬਾਰ ਨੂੰ ਨਾ ਰੋਕਿਆ ਗਿਆ ਤਾਂ ਭਾਰਤੀ ਕੈਂਸਰ ਵਰਗੀ ਭਿਆਨਕ ਬੀਮਾਰੀ ਤੋਂ ਪੀੜਤ ਹੋ ਜਾਣਗੇ। ਜਾਣਕਾਰੀ ਅਨੁਸਾਰ ਪੰਜਾਬ ਅੰਦਰ 25 ਲੱਖ ਗਊਆਂ ਅਤੇ 40 ਲੱਖ ਮੱਝਾਂ ਹੋਣ ਦੇ ਸਰਕਾਰੀ ਅੰਕੜੇ ਹਨ ਪਰ ਦੁੱਧ ਦੇਣ ਵਾਲੇ ਪਸ਼ੂਆਂ ਦੀ ਗਿਣਤੀ ਬਹੁਤ ਘੱਟ ਦੱਸੀ ਜਾ ਰਹੀ ਹੈ। ਪੰਜਾਬ ਅੰਦਰ ਰੋਜ਼ਾਨਾ 16 ਲੱਖ ਲੀਟਰ ਦੁੱਧ ਦਾ ਉਤਪਾਦਨ ਹੁੰਦਾ ਹੈ। ਸੂਬੇ ਅੰਦਰ ਦੁੱਧ ਦੇ ਕੁੱਲ ਉਤਪਾਦਨ ਦਾ 60 ਫ਼ੀਸਦੀ ਹਿੱਸਾ ਲੋਕਾਂ ਦੁਆਰਾ ਵਰਤ ਲਿਆ ਜਾਂਦਾ ਹੈ ਅਤੇ 40 ਫ਼ੀਸਦੀ ਦੁੱਧ ਮੱਖਣ, ਦਹੀਂ, ਪਨੀਰ, ਸੁੱਕਾ ਦੁੱਧ, ਡੱਬਾ ਬੰਦ ਦੁੱਧ ਬਣਾਉਣ ਲਈ ਵਰਤਿਆ ਜਾਂਦਾ ਹੈ। ਫੂਡ ਸੇਫਟੀ ਅਤੇ ਸਟੈਂਡਰਡ ਅਥਾਰਟੀ ਆਫ਼ ਇੰਡੀਆ ਵੱਲੋਂ ਕਰਵਾਏ ਗਏ ਇਕ ਸਰਵੇ ਅਨੁਸਾਰ ਸੂਬੇ 'ਚ ਦੁੱਧ ਦੇ 37 ਫ਼ੀਸਦੀ ਨਮੂਨੇ ਜਾਂਚ ਦੌਰਾਨ ਫੇਲ ਪਾਏ ਗਏ ਸਨ। ਪਤਾ ਲੱਗਾ ਹੈ ਕਿ ਜ਼ਿਆਦਾ ਮੁਨਾਫ਼ੇ ਦੀ ਆਸ 'ਚ ਸ਼ਹਿਰਾਂ ਸਮੇਤ ਪਿੰਡਾਂ 'ਚ ਵੀ ਦੁੱਧ ਵੇਚਣ ਵਾਲੇ ਡੇਅਰੀ ਸੰਚਾਲਕ ਦੁੱਧ ਨੂੰ ਅਰਾਰੋਟ, ਰੰਗ, ਕੱਪੜੇ ਧੋਣ ਵਾਲੇ ਪਾਊਡਰ, ਗਲੂਕੋਜ਼ ਅਤੇ ਮਿਲਕ ਪਾਊਡਰ ਨਾਲ ਦੁੱਧ ਤਿਆਰ ਕਰਕੇ ਮਨੁੱਖੀ ਸਿਹਤ ਨਾਲ ਖੇਡ ਰਹੇ ਹਨ। ਨਕਲੀ ਦੁੱਧ ਦੀ ਵਧਦੀ ਵਿਕਰੀ ਕਾਰਨ ਅਸਲੀ ਦੁੱਧ ਉਦਪਾਦਕ ਕਿਸਾਨਾਂ ਨੂੰ ਪੂਰਾ ਰੇਟ ਨਹੀਂ ਮਿਲਦਾ ਹੈ। ਇਸੇ ਕਾਰਨ ਪਿੰਡਾਂ 'ਚ ਲੋਕ ਪਸ਼ੂਆਂ ਨੂੰ ਵੇਚ ਰਹੇ ਹਨ ਤੇ ਨਕਲੀ ਦੁੱਧ ਦਾ ਕਾਰੋਬਾਰ ਵਧਦਾ ਜਾ ਰਿਹਾ ਹੈ। ਨਕਲੀ ਦੁੱਧ ਦੀ ਵਧਦੀ ਵਰਤੋਂ ਕਾਰਨ ਲੋਕ ਕੈਂਸਰ, ਸ਼ੂਗਰ, ਬੀ. ਪੀ. ਦਾ ਵੱਧਣਾ, ਡਿਪਰੈਸ਼ਨ, ਥਾਇਰਾਇਡ, ਬੇਚੈਨੀ ਤੇ ਪੇਟ ਦੇ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ।

## ਪਾਕਿਸਤਾਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾ ਕੇ ਸਿੱਖ ਸ਼ਰਧਾਲੂਆਂ ਦਾ ਜਥਾ ਵਤਨ ਪਰਤਿਆ



**ਅੰਮ੍ਰਿਤਸਰ, 13 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਮਨਾਉਣ ਉਪਰੰਤ ਸਿੱਖ ਸ਼ਰਧਾਲੂਆਂ ਦਾ ਜਥਾ ਕੌਮਾਂਤਰੀ ਅਟਾਰੀ-ਵਾਹਗਾ ਸਰਹੱਦ ਦੇ ਰਸਤੇ ਵਾਪਸ ਪਰਤ ਆਇਆ ਹੈ। ਇਸ ਦੌਰਾਨ ਸਿੱਖ ਸ਼ਰਧਾਲੂਆਂ ਦੇ ਲਈ ਸ਼੍ਰੋਮਣੀ ਕਮੇਟੀ ਵਲੋਂ ਗੁਰੂ ਕਾ ਲੰਗਰ ਅਤੇ ਗੁਰੂ ਕੇ ਬਾਗ ਵਾਲਿਆਂ ਵਲੋਂ ਚਾਹ ਪਕੌੜਿਆਂ ਦਾ ਲੰਗਰ ਆਈ.ਸੀ.ਪੀ. ਅਟਾਰੀ ਸਰਹੱਦ 'ਤੇ ਲਗਾਇਆ ਗਿਆ ਸੀ। ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਮਨਾ ਕੇ ਆਏ ਸ਼ਰਧਾਲੂਆਂ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਵਿਦੇਸ਼ਾਂ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਹੁੰਚੇ ਹੋਏ ਸਨ। 10 ਦਿਨ ਦੇ ਵੀਜ਼ੇ 'ਤੇ ਪਾਕਿਸਤਾਨ ਗਏ ਸਿੱਖ ਸ਼ਰਧਾਲੂਆ ਨੇ ਦੱਸਿਆ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਪੁਰਬ ਮਨਾ ਕੇ ਅਤੇ ਹੋਰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਕੇ ਵਤਨ ਪਰਤ ਆਏ ਹਨ। ਇਸ ਮੌਕੇ ਜਥੇ ਨਾਲ ਗਏ ਸ਼ਰਧਾਲੂਆਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਭਾਰਤ ਤੋਂ ਗਏ ਸਿੱਖ ਸ਼ਰਧਾਲੂਆਂ ਸਮੇਤ ਪਾਕਿ ਦੀ ਸੰਗਤ ਨੇ ਵੀ ਬੜੀ ਸ਼ਰਧਾ ਭਾਵਨਾ ਨਾਲ ਪ੍ਰਕਾਸ਼ ਪੁਰਬ ਮਨਾਇਆ ਹੈ। ਅਟਾਰੀ ਸਰੱਹਦ 'ਤੇ ਸਥਿਤ ਆਈ.ਸੀ.ਪੀ. ਵਿਖੇ ਐਲ.ਪੀ.ਆਈ. ਅਥਾਰਟੀ ਇੰਡੀਆ, ਬੀ.ਐਸ.ਐਫ਼., ਕਸਟਮ ਤੇ ਇਮੀਗ੍ਰੇਸ਼ਨ ਦੇ ਅਧਿਕਾਰੀਆਂ ਵਲੋਂ ਸਿੱਖ ਸ਼ਰਧਾਲੂਆਂ ਦੀ ਸਹੂਲਤ ਲਈ ਢੁਕਵੇਂ ਤੇ ਵਧੀਆ ਪ੍ਰਬੰਧ ਕੀਤੇ ਗਏ ਹਨ। ਦੱਸ ਦੇਈਏ ਕਿ 1796 ਸਿੱਖ ਸ਼ਰਧਾਲੂਆਂ ਦਾ ਜਥਾ 4 ਨਵੰਬਰ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਗਏ ਸਨ। ਇਸ ਦੌਰਾਨ ਦੱਸ ਦਿਨ ਦੀ ਯਾਤਰਾ 'ਤੇ ਭਾਰਤੀ ਸਿੱਖ ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਰਾਵਲਪਿੰਡੀ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਨਾਰੋਵਾਲ, ਗੁਰਦੁਆਰਾ ਸੱਚਾ ਸੌਦਾ ਚੂੜਕਾਣਾ, ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ ਤੇ ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਜੀ ਜਨਮ ਸਥਾਨ ਚੂਨਾ ਮੰਡੀ ਲਾਹੌਰ, ਗੁਰਦੁਆਰਾ ਸ਼ਹੀਦੀ ਅਸਥਾਨ ਗੁਰੂ ਅਰਜਨ ਦੇਵ ਜੀ ਲਾਹੌਰ, ਗੁਰਦੁਆਰਾ ਸ਼ਹੀਦ ਸਿੰਘਣੀ ਲਾਹੌਰ ਸਮੇਤ ਹੋਰ ਵੱਖ ਵੱਖ ਗੁਰਧਾਮਾਂ ਦੇ ਦਰਸ਼ਨ ਕਰਕੇ ਭਾਰਤੀ ਸ਼ਰਧਾਲੂ ਅਟਾਰੀ ਸਰਹੱਦ ਰਸਤੇ ਆਪਣੇ ਵਤਨ ਪਰਤੇ ਹਨ।

## ਦੁਬਈ ਦੀ ਜੇਲ੍ਹ 'ਚ ਫਸਿਆ ਪੰਜਾਬੀ ਨੌਜਵਾਨ, ਸੜਕ ਹਾਦਸੇ 'ਚ ਨੌਜਵਾਨ ਦੀ ਹੋਈ ਸੀ ਮੌਤ, ਬਜ਼ੁਰਗ ਮਾਪਿਆਂ ਨੇ ਸਰਕਾਰ ਨੂੰ ਲਾਈ ਗੁਹਾਰ

**ਚੰਡੀਗੜ੍ਹ, 13 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਵਿਦੇਸ਼ ਦੀ ਚਕਾਚੌਂਧ ਅਕਸਰ ਨੌਜਵਾਨਾਂ ਨੂੰ ਆਕਰਸ਼ਿਤ ਕਰਦੀ ਹੈ ਅਤੇ ਨੌਜਵਾਨਾਂ ਦੀ ਜਿੱਦ ਅੱਗੇ ਅਕਸਰ ਮਾਪਿਆਂ ਨੂੰ ਹਾਰ ਮੰਨ ਕੇ ਬੱਚਿਆਂ ਨੂੰ ਸਾਰਾ ਕੁਝ ਵੇਚ ਵੱਟ ਕੇ ਵੀ ਵਿਦੇਸ਼ ਭੇਜਣ ਪੈਂਦਾ ਹੈ ਤਾਂ ਕਿ ਉਨ੍ਹਾਂ ਦਾ ਭਵਿੱਖ ਸੁਨਹਿਰੀ ਹੋ ਸਕੇ ਅਤੇ ਉਹਨਾਂ ਦੇ ਸਾਰੇ ਸੁਪਨੇ ਵੀ ਪੂਰੇ ਹੋ ਸਕਣ। ਪਰ ਵਿਦੇਸ਼ ਦੀ ਧਰਤੀ ਤੋਂ ਅਕਸਰ ਪੰਜਾਬੀ ਨੌਜਵਾਨਾਂ ਨਾਲ ਕਈ ਵਾਰ ਅਜਿਹੀਆਂ ਘਟਨਾਵਾਂ ਹੋਣ ਦੀਆਂ ਖਬਰਾਂ ਪੜਨ ਸੁਣਨ ਨੂੰ ਮਿਲਦੀਆਂ ਹਨ, ਜਿਨਾਂ ਵਿੱਚ ਪਤਾ ਲੱਗਦਾ ਹੈ ਕਿ ਉਹਨਾਂ ਦੇ ਨਾਲ ਕੁਝ ਨਾ ਕੁਝ ਮੰਦਭਾਗਾ ਘਟਿਆ ਹੈ। ਇਸੇ ਤਰ੍ਹਾਂ ਦਾ ਇੱਕ ਮਸਲਾ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਸੈਲਾ ਖੁਰਦ ਤੋਂ ਸਾਹਮਣੇ ਆ ਰਿਹਾ ਹੈ। ਪਿੰਡ ਸੈਲਾ ਖੁਰਦ ਵਸਨੀਕ ਲੰਬੜਦਾਰ ਦਵਿੰਦਰ ਸਿੰਘ ਮਾਨ ਨੇ ਦੱਸਿਆ ਕਿ ਉਹਨਾਂ ਦਾ ਪੁੱਤ ਇਸੇ ਸਾਲ ਫਰਵਰੀ ਮਹੀਨੇ ਦੁਬਈ ਵਿੱਚ ਟਰਾਲਾ ਚਲਾਉਣ ਦੇ ਲਈ ਗਿਆ ਸੀ ਅਤੇ ਇਸ ਸਾਲ ਅਗਸਤ ਮਹੀਨੇ ਦੁਬਈ ਦੀ ਇੱਕ ਸੜਕ ਕਿਨਾਰੇ ਖੜੇ ਟਰੱਕ ਵਿੱਚੋਂ ਇੱਕ ਨੌਜਵਾਨ ਦੇ ਅਚਾਨਕ ਬਾਹਰ ਆਉਣ ਦੌਰਾਨ ਉਹਨਾਂ ਦੇ ਪੁੱਤਰ ਰਵਿੰਦਰ ਸਿੰਘ ਮਾਨ ਵੱਲੋਂ ਚਲਾਏ ਜਾ ਰਹੇ ਟਰੱਕ ਦੇ ਪਿਛਲੇ ਟਾਇਰਾਂ ਹੇਠ ਉਕਤ ਨੌਜਵਾਨ ਦੇ ਆ ਜਾਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਿਸ ਕਾਰਨ ਉਹਨਾਂ ਦੇ ਪੁੱਤਰ ਰਵਿੰਦਰ ਸਿੰਘ ਮਾਨ ਉਮਰ 32 ਸਾਲ ਨੂੰ ਦੁਬਈ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਅਤੇ ਜੋ ਕਿ ਹੁਣ ਜੇਲ ਵਿੱਚ ਹੈ। ਉਹਨਾਂ ਦੱਸਿਆ ਕਿ ਪਹਿਲਾਂ ਤਾਂ ਇੱਕ ਮਹੀਨਾ ਉਹਨਾਂ ਦੇ ਪੁੱਤਰ ਦੀ ਜਦੋਂ ਕਾਲ ਨਾ ਆਈ ਤੇ ਉਹਨਾਂ ਨੂੰ ਫਿਕਰ ਹੋਣ ਲੱਗ ਗਿਆ। ਇੱਕ ਮਹੀਨੇ ਬਾਅਦ ਜੇਲ ਵਿੱਚੋਂ ਉਹਨਾਂ ਦੇ ਪੁੱਤਰ ਨੇ ਉਹਨਾਂ ਨੂੰ ਕਾਲ ਕਰਕੇ ਇਸ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਰਵਿੰਦਰ ਮਾਨ ਨੂੰ 70 ਹਜਾਰ ਦਰਾਮ ਜੋ ਕਿ ਭਾਰਤ ਵਿੱਚ ਤਕਰੀਬਨ 17 ਲੱਖ ਦੇ ਕਰੀਬ ਬਣਦਾ ਬਲੱਡ ਮਨੀ ਜਾਨੀ ਜੁਰਮਾਨਾ ਹੋਇਆ ਹੈ ਅਤੇ ਇਹ ਜੁਰਮਾਨਾ ਨਾ ਦੇਣ ਦੀ ਸੂਰਤ ਵਿੱਚ ਰਵਿੰਦਰ ਸਿੰਘ ਮਾਨ ਨੂੰ ਸਖਤ ਸਜ਼ਾ ਸੁਣਾਈ ਜਾ ਸਕਦੀ ਹੈ। ਉਹਨਾਂ ਸਮਾਜ ਸੇਵੀ ਸੰਸਥਾਵਾਂ ਅਤੇ ਪੰਜਾਬ ਸਰਕਾਰ ਦੇ ਨਾਲ ਨਾਲ ਕੇਂਦਰ ਸਰਕਾਰ ਤੋਂ ਵੀ ਇਸ ਮਸਲੇ ਵਿੱਚ ਦਖਲਅੰਦਾਜ਼ੀ ਕਰਕੇ ਉਹਨਾਂ ਦੇ ਪੁੱਤਰ ਨੂੰ ਦੁਬਈ ਵਿਚੋ ਰਿਹਾ ਕਰਾਉਣ ਅਤੇ ਉਹਨਾਂ ਦੀ ਮਦਦ ਕਰਨ ਲਈ ਗੁਹਾਰ ਲਗਾਈ ਹੈ।




ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।
ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ
ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਮਿਤੀ 16 ਨਵੰਬਰ 2025 ਦਿਨ ਐਤਵਾਰ
ਇੰਨਸਬਰੁਕ ਫਰਾਲਬੁਰਗ, ਸਾਲਜ਼ਬੁਰਗ, ਲਿੰਨਸ
ਵਿਆਨਾ, ਗਰਾਸ, ਕਲਾਗਨਫੁਰਟ ਇਟਲੀ ਅਤੇ
ਜਰਮਨ ਦੀਆਂ ਸਮੁੱਚੀਆਂ ਸੰਗਤਾਂ ਵੱਲੋਂ
ਮਹਾਨ ਗੁਰਮਤਿ ਸਮਾਗਮ
ਬਹੁਤ ਹੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।
★ ਪ੍ਰੋਗਰਾਮ ਦਾ ਵੇਰਵਾ ★
ਪਾਠ ਸ੍ਰੀ ਸੁਖਮਨੀ ਸਾਹਿਬ.. 9:30 ਤੋਂ 11 ਵਜੇ
ਕੀਰਤਨ ਦੀਵਾਨ.....11:00 ਤੋਂ 11:30 ਵਜੇ
ਢਾਡੀ ਦਰਬਾਰ......11:30 ਤੋਂ 1:00 ਵਜੇ
ਬੁਲਾਰੇ........1:00 ਤੋਂ 1:30 ਵਜੇ
ਕਵੀਸ਼ਰ ਜੱਥਾ ਭਾਈ ਸਤਨਾਮ ਸਿੰਘ ਸਰਹਾਲੀ
ਆਪ ਸਰਬੱਤ ਸੰਗਤਾਂ ਨੇ ਵੱਧ ਚੜ੍ਹ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।
ਬੇਨਤੀ ਕਰਤਾ :- ਸਮੂਹ ਸਾਧ ਸੰਗਤ ਇੰਨਸਬਰੁਕ ਅਤੇ ਤਿਰੋਲ।
Add: Bernhard - Hofe - Str 7A 6020 Innsbruck, Austria
More info. +43 69914149114, +43 69919488430, +43 6603502765
0049 172 9175489, 0039 329 9873586
06:13

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ




## ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ। ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰੁ ਸੀ ਨ ਉਚਰੀ॥

## 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ







# ਗੁਰਮਤਿ ਸਮਾਗਮ

**GURU NANAK GURDWARA WILLENHALL 65-67 WALSAL ROAD (WV13 2RD)**

**30 ਨਵੰਬਰ 2025 ਦਿਨ ਐਤਵਾਰ ਨੂੰ 3 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਦੀਵਾਨ ਸਜਾਏ ਜਾਣਗੇ**



ਭਾਈ ਅੰਮ੍ਰਿਤਪਾਲ ਸਿੰਘ ਢੱਪਈ
(3:30 ਵਜੇ)



ਭਾਈ ਕਮਲਜੀਤ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
(4:30 ਵਜੇ)

ਰਹਿਰਾਸ ਸਾਹਿਬ ਜੀ ਦੇ ਜਾਪ 5:30 ਵਜੇ ਤੋ 6:00 ਵਜੇ ਤੱਕ ਹੋਣਗੇ

ਗੁਰੂ ਕਾ ਲੰਗਰ ਅਤੁੱਟ ਵਰਤੇਗਾ



ਪੰਥ ਪ੍ਰਸਿੱਧ ਕਵੀਸ਼ਰੀ ਜਥਾ
ਜਾਗੋਵਾਲਾ ਜਥਾ
(6 ਵਜੇ)



ਭਾਈ ਜਗਤਾਰ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
(7 ਵਜੇ)

ਸੇਵਾ : ਸਮੂਹ ਨੌਜਵਾਨ ਸੇਵਾਦਾਰਾਂ, ਇੰਟਰਨੈਸ਼ਨਲ ਸਟੂਡੈਂਟਸ ਵੱਲੋਂ, ਗੁਰਦੁਆਰਾ ਪ੍ਰਬੰਧਕਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ

ਸੰਪਰਕ :- ਭਾਈ ਸਤਨਾਮ ਸਿੰਘ ਜੀ ਸੰਘਾ 07532825588 ਭਾਈ ਸੁਖਬੀਰ ਸਿੰਘ ਜੀ 07442671204


ਸਾਂਝਾ ਪੰਜਾਬ
VEG & NON-VEG INDIAN
WE CATER FOR
★★★★★
Birthday
Weddings
Parties
All Other Occasions
Sanjay Foods
Mirch Masala
HSBC
Ladlee Direct
Chai Paani
Ross Walk Launderette
Shiva Shakti Foods
Roopkala Beauty Salon
Cossington Recreation ground
Heena Tailor
Hyderabad Wala - Leicester
Belgrave Neighbourhood Centre
Belgrave Health Centre
Health Centre Car Park
Milans
Brandon Street Surgery
Shiv Sagar Veg
Punjabi Tarka
Shivalaya The Leicestershire Brahma...
SANJHA PUNJAB
VEG & NON-VEG INDIAN
TAKE AWAY MENU
0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com
SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com
ALLERGY ADVICE !!
Please ask a member of staff if you have any food intolerance or allergies.
ਆਵਾਜ਼ਿ ਕੌਮ
AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਸ਼ਹੀਦੀ ਦਿਹਾੜਾ ਧੰਨ ਬਾਬਾ ਦੀਪ ਸਿੰਘ ਸਾਹਿਬ ਜੀ

☛ ਸ਼ਹੀਦੀ ਦਿਹਾੜਾ ਸਿਰਲੱਥ ਜੋਧਾ ਅਨੌਖੇ ਅਮਰ ਸ਼ਹੀਦ ਧੰਨ ਬਾਬਾ ਦੀਪ ਸਿੰਘ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ। ☛ ਸ਼੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਸ਼ੁੱਕਰਵਾਰ 11:00 ਵਜੇ ਹੋਵੇਗੀ ਅਤੇ ਐਤਵਾਰ 11:00 ਵਜੇ ਸੰਪੂਰਨ ਭੋਗ ਪੈਣਗੇ ☛ ਅਨੌਖੇ ਅਮਰ ਸ਼ਹੀਦ ਧੰਨ ਬਾਬਾ ਦੀਪ ਸਿੰਘ ਸਾਹਿਬ ਜੀ ਨੂੰ ਪਿਆਰ ਕਰਨ ਵਾਲਿਆਂ ਸਮੂਹ ਸਿੱਖ ਸੰਗਤਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਗਈ ਹੈ।



**ਸ਼ਨਿੱਚਰਵਾਰ 15 ਨਵੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।**

ਐਤਵਾਰ 16 ਨਵੰਬਰ 2025 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪਰੰਤ 12:45 ਤੱਕ ਦੀਵਾਨ ਸੱਜਣਗੇ।

ਕੀਰਤਨੀ ਜਥਾ ਰਾਗੀ ਭਾਈ ਸੁਖਦੇਵ ਸਿੰਘ ਬੁੱਟਰ ਬਟਾਲੇ ਵਾਲੇ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

# ਬਰਾਈਡਲ ਵੀਲ ਫਾਲ-ਬ੍ਰਿਟਿਸ਼ ਕੋਲੰਬੀਆ



**ਬੱਚਿਆਂ** ਨੇ ਇੱਕ ਦਿਨ ਸਵੇਰੇ ਅਚਾਨਕ ਘੁੰਮਣ ਦੀ ਯੋਜਨਾ ਬਣਾ ਲਈ।ਅਸੀਂ ਇੱਕ ਘੰਟੇ ਦੇ ਅੰਦਰ ਅੰਦਰ ਤਿਆਰ ਹੋ ਗਏ।ਅਸੀਂ ਬੱਚਿਆਂ ਨੂੰ ਪੁੱਛਿਆ ਕਿ ਅੱਜ ਕਿੱਥੇ ਜਾਣਾ ਹੈ, ਕਿਸ ਪਾਸੇ ਚੱਲਣਾ, ਦੱਸੋ ਤਾਂ ਸਹੀ। ਉਹਨਾਂ ਕਿਹਾ ਕਿ ਅੱਜ ਦਾ ਘੁੰਮਣਾ ਗੁਪਤ ਹੈ। ਅਸੀਂ ਖਾਣਾ ਖਾ ਕੇ ਆਪਣੇ ਘਰ ਤੋਂ ਚੱਲ ਪਏ ਸ਼ਹਿਰ ਤੋਂ ਬਾਹਰ ਨਿੱਕਲਦਿਆਂ ਬੱਚਿਆਂ ਨੇ ਗੂਗਲ ਮੈਪ ਲਗਾ ਲਿਆ ਜਦੋਂ ਮੈਂ ਨਿਗਾ ਮਾਰੀ ਤਾਂ ਪਤਾ ਚੱਲਿਆ ਕਿ ਅਸੀਂ ਕਰੀਬ 100 ਕਿਲੋਮੀਟਰ ਦੂਰ ਜਾਵਾਂਗੇ। ਅਸੀਂ ਹੁਣ ਟਰਾਂਸ ਕਨੇਡਾ ਹਾਈਵੇ ਤੇ ਪੁੱਜ ਗਏ ਤੇ ਇਹ ਹਾਈਵੇ ਫਰੇਜ਼ਰ ਨਲੀ ਦੇ ਨਦੀ ਦੇ ਸਮਾਨ ਅੰਤਰ ਨਾਲ ਨਾਲ ਚੱਲਦਾ ਸੀ ਇਥੇ ਗੱਡੀਆਂ ਦੀ ਰਫਤਾਰ 90 ਤੋ 100 ਤੱਕ ਸੀ ਜਿਨਾਂ ਨੇ ਤੇਜ ਜਾਣਾ, ਉਹ ਖੱਬੇ ਪਾਸੇ ਵੱਲ ਤੇ ਜਿਨਾਂ ਨੇ ਘੱਟ ਰਫਤਾਰ ਨਾਲ ਜਾਣਾ ਉਹ ਸੱਜੇ ਪਾਸੇ ਰਹਿੰਦੇ ਸਨ। ਇੱਥੇ ਕਿਤੇ ਕਿਤੇ ਐਚਓਵੀ ਲੇਨ ਹੁੰਦੀ ਸੀ ਜਿੱਥੇ ਉਹ ਗੱਡੀ ਜਿਸ ਵਿੱਚ ਦੋ ਜਾਂ ਦੋ ਤੋਂ ਵੱਧ ਸਵਾਰੀਆਂ ਹੋਣ, ਇਲੈਕਟਰਿਕ ਗੱਡੀ ਅਤੇ ਮੋਟਰਸਾਈਕਲ ਉਹ ਇਸ ਪਾਸੇ ਵੱਲ ਜਾਂਦੀ ਸਨ।ਸਾਰੇ ਆਪਣੀ ਆਪਣੀ ਲੇਨ ਵਿੱਚ ਚਲਦੇ ਸਨ ਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਸਨ ਜੇ ਕਿਸੇ ਨੇ ਸੱਜੇ ਤੋਂ ਖੱਬੇ ਜਾ ਖੱਬੇ ਤੋਂ ਸੱਜੇ ਜਾਣਾ ਹੈ ਤਾਂ ਉਹ ਇੰਡੀਕੇਟਰ ਦਿੰਦਾ ਸੀ ਤੇ ਉਹ ਉਦੋਂ ਹੀ ਜਾਂਦਾ ਸੀ ਜਦੋਂ ਲੇਨ ਦੇ ਨਾਲ ਨਾਲ ਲੱਗੀਆਂ ਲਾਈਨਾਂ ਦਾਨੇਦਾਰ ਹੋਣ ਤੇ ਰਾਹ ਲੈਣ ਉਪਰੰਤ ਡਰਾਈਵਰ ਉਹ ਆਪਣੇ ਰਸਤੇ ਤੇ ਜਾ ਕੇ ਹੱਥ ਹਿਲਾ ਕੇ ਰਾਹ ਦੇਣ ਵਾਲੇ ਦਾ ਧੰਨਵਾਦ ਕਰਦਾ ਸੀ। ਇਹ ਇਥੋਂ ਦੀ ਸਤਿਕਾਰ ਪਰੰਪਰਾ ਹੈ। ਇਹ ਸੜਕ ਬਹੁਤ ਹੀ ਚੌੜੀ ਸੀ ਇਕ ਪਾਸੇ ਹੀ ਚਾਰ ਲਾਈਨਾਂ ਸੀ ਤੇ ਇਸੇ ਤਰ੍ਹਾਂ ਦੂਜੇ ਪਾਸੇ ਚਾਰ ਲਾਈਨਾਂ ਸੀ। ਹਰ ਥਾਂ, ਹਰ ਮੋੜ, ਹਰ ਚੌਕ, ਹਰ ਲਾਈਟ ਤੇ ਚਿੰਨ ਬੋਰਡ ਲੱਗੇ ਹੋਏ ਸਨ ਜੋ ਅੱਗੇ ਜਾਣ ਬਾਰੇ ਬਿਆਨ ਕਰਦੇ ਸਨ। ਇਥੇ ਯੂ ਟਰਨ ਤਾਂ ਹੈ ਹੀ ਨਹੀਂ ਸੀ। ਜੇ ਕੋਈ ਕਿਸੇ ਚੌਕ ਵਿੱਚ ਗਲਤ ਲੇਨ ਵਿੱਚ ਚਲਾ ਜਾਵੇ ਤਾਂ ਫਿਰ ਉਸਨੂੰ ਕਾਫੀ ਘੁੰਮ ਕੇ ਆਉਣਾ ਪੈਂਦਾ ਹੈ। ਇਸ ਲਈ ਪਹਿਲਾਂ ਹੀ ਚਕੰਨੇ ਹੋ ਕੇ ਗੱਡੀ ਚਲਾਉਣੀ ਪੈਂਦੀ ਹੈ। ਨਾਗਰਿਕ ਬਹੁਤ ਹੀ ਸਮਝਦਾਰ ਹਨ, ਹਰੇਕ ਦੀ ਕਦਰ ਕਰਦੇ ਹਨ, ਹਰੇਕ ਨੂੰ ਸਮਝਦੇ ਹਨ। ਹਾਈਵੇ ਤੇ ਜਿੱਥੇ ਸੜਕਾਂ ਮਰਜ ਹੁੰਦੀਆਂ ਤਾਂ ਬਰਾਬਰ ਦੀ ਰਫਤਾਰ ਕਰਕੇ ਦੂਜਿਆਂ ਦਾ ਰਾਹ ਮੰਗ ਕੇ ਉਸ ਲੇਨ ਵਿੱਚ ਮਰਜ ਹੋਣਾ ਪੈਂਦਾ ਹੈ।ਅਸੀਂ ਜਲਦੀ ਹੀ ਅੱਗੇ ਚਿਲੀਵਿੱਕ ਪੁੱਜ ਗਏ ਇਥੋਂ ਅੱਗੇ 18 ਕਿਲੋਮੀਟਰ ਦਾ ਸਫਰ ਰਹਿ ਗਿਆ ਸੀ। ਹਾਈਵੇ ਤੋਂ ਅੱਗੇ ਜਦੋਂ ਅਸੀਂ ਗਏ ਤਾਂ 15 ਕੁ ਮਿੰਟ ਬਾਅਦ ਸੱਜੇ ਪਾਸੇ ਬਰਾਈਡਲ ਵੀਲ ਫਾਲ ਦਾ ਬੋਰਡ ਦੇਖ ਕੇ ਅਸੀਂ ਉਸ ਪਾਸੇ ਵੱਲ ਮੁੜ ਪਏ। ਸਾਰਾ ਇਲਾਕਾ ਬਹੁਤ ਹੀ ਖ਼ੂਬਸੂਰਤ ਸੀ। ਸਾਫ ਸੁਥਰਾ ਹਰਿਆਲੀ ਭਰਿਆ ਸੀ। ਇਥੇ ਪਾਰਕਿੰਗ ਵਿੱਚ ਮੈਂ ਆਪਣੀ ਪਾਣੀ ਵਾਲੀ ਬੋਤਲ ਕੱਢੀ ਤੇ ਨਿੱਘਾ ਜਿਹਾ ਕੋਸਾ ਜਿਹਾ ਪਾਣੀ ਪੀ ਕੇ ਅੱਗੇ ਚੱਲਣ ਲਈ ਤਿਆਰੀ ਵੱਟ ਲਈ। ਇਥੇ ਪਾਰਕਿੰਗ ਕੋਲ ਚਾਰ ਪੰਜ ਟੇਬਲ ਬੈਠਣ ਲਈ ਪਏ ਸਨ ਅਤੇ ਆਲੇ ਦੁਆਲੇ ਬਹੁਤ ਹੀ ਸੁੰਦਰ ਨਜ਼ਾਰਾ ਸੀ। ਇਥੋਂ ਹੀ ਅਸੀਂ ਚੜਾਈ ਚੜਨੀ ਸ਼ੁਰੂ ਕਰ ਦਿੱਤੀ।ਇਥੇ ਤੁਰਨ ਵਾਲੇ ਪਹਾੜੀ ਰਸਤੇ ਤੇ ਬਰੀਕ ਬੱਜਰੀ ਪਾ ਕੇ ਰਗੜ ਵਧਾਈ ਹੋਈ ਸੀ।ਜਿਸ ਕਰਕੇ ਚੱਲਣ ਵਿੱਚ ਸੁਖਾਲਾ ਹੋ ਰਿਹਾ ਸੀ।ਜੇ ਬੱਜਰੀ ਨਾ ਹੁੰਦੀ ਤਾਂ ਪੈਰ ਤਿਲਕ ਜਾਣਾ ਸੀ। ਇੱਥੇ ਚਾਰੇ ਪਾਸੇ ਜੰਗਲ ਹੀ ਜੰਗਲ ਸੀ।ਹਰ ਪਾਸੇ ਹਰਿਆਲੀ ਤੇ ਕੁਦਰਤ ਨਾਲ ਪਿਆਰ ਝਲਕਦਾ ਸੀ।ਭਾਂਤ ਭਾਂਤ ਦੇ ਉੱਚੇ ਦਰਖਤ, ਸ਼ੁਧ ਹਵਾ, ਦਰਖਤਾਂ ਦੇ ਤਣਿਆਂ ਤੇ ਹਰੇਵਾਈ ਉੱਗੀ ਹੋਈ ਸੀ ਜਿਸ ਨੂੰ ਲਾਈਕਿੰਨ ਕਹਿੰਦੇ ਹਨ। ਇਹ ਉਦੋਂ ਹੀ ਉੱਗਦੀ ਹੈ ਜਦੋਂ ਹਵਾ ਸਾਫ ਸੁਥਰੀ ਹੋਵੇ, ਵਾਤਾਵਰਨ ਸ਼ੁੱਧ ਹੋਵੇ।ਇਥੋਂ ਹੇਠ ਤੋਂ ਝਰਨੇ ਤੱਕ ਚੜ੍ਹਾਈ ਸੀ ਇਸ ਲਈ ਥੋੜੇ ਸਮੇਂ ਬਾਅਦ ਦਮ ਲੈ ਲੈਂਦੇ ਸੀ। ਅੱਗੇ ਜਾ ਕੇ ਇਕ ਦਰਖਤ ਦਾ ਤਣਾ ਪਿਆ ਸੀ ਉਥੇ ਬੈਠ ਕੇ ਕੁਝ ਸਮਾਂ ਆਰਾਮ ਕੀਤਾ। ਫਿਰ ਅੱਗੇ ਚੱਲ ਪਏ।ਅੱਗੇ ਇੱਕ ਲੱਕੜ ਦਾ ਬਹੁਤ ਹੀ ਸੁੰਦਰ ਪੁੱਲ ਆਇਆ ਇੱਕ ਪਾਸੇ ਤੋਂ ਪਾਣੀ ਹੇਠਾਂ ਦੀ ਵਹਿ ਰਿਹਾ ਸੀ ਤੇ ਦੂਜੇ ਪਾਸੇ ਜਾ ਰਿਹਾ ਸੀ।ਬੜਾ ਸੁੰਦਰ ਮੰਜਰ ਸੀ। ਕੁੱਝ ਸਮੇਂ ਬਾਅਦ ਸਾਨੂੰ ਝਰਨਾ ਦਿਖਾਈ ਦੇਣ ਲੱਗਾ। ਫਿਰ ਅੱਗੇ ਜਾ ਕੇ 600 ਵਰਗ ਫੁੱਟ ਦੇ ਕਰੀਬ ਥਾਂ ਸੀ ਜਿਹੜੀ ਕੁੱਝ ਪੱਧਰੀ ਸੀ। ਉਹਦੇ ਆਲੇ ਦੁਆਲੇ ਬਨੇਰਾ ਕੀਤਾ ਹੋਇਆ ਸੀ।ਸਰਦੀਆਂ ਦੇ ਦਿਨਾਂ ਵਿੱਚ ਇਹ ਝਰਨਾ ਜਮ ਜਾਂਦਾ ਹੈ ਤੇ ਜੰਮੀ ਹੋਈ ਬਰਫ ਡਿੱਗਦੇ ਪਾਣੀ ਦੇ ਰੂਪ ਵਿੱਚ ਦਿਸਦੀ ਹੈ।ਸਰਦੀਆਂ ਵਿੱਚ ਇਥੇ ਜਾਣਾ ਖਤਰੇ ਤੋਂ ਖਾਲੀ ਨਹੀਂ ਹੁੰਦਾ। ਅਸੀਂ ਇਸ ਪੱਧਰੀ ਜਗ੍ਹਾ ਤੇ ਖੜ੍ਹ ਕੇ ਆਨੰਦ ਮਾਣਿਆ।ਫੋਟੋਗ੍ਰਾਫੀ ਕੀਤੀ।ਜਦੋਂ ਅਸੀਂ ਉੱਪਰ ਝਰਨੇ ਵੱਲ ਨਿਗਾ ਮਾਰੀ ਤਾਂ ਉਥੇ ਝਰਨੇ ਦੇ ਕੋਲ ਬਹੁਤ ਸਾਰੇ ਲੋਕ ਗਏ ਹੋਏ ਸਨ। ਉਸ ਝਰਨੇ ਦੇ ਠੰਡੇ ਪਾਣੀ ਵਿੱਚ ਕਈ ਨਹਾ ਰਹੇ ਸਨ। ਇਥੋਂ ਝਰਨਾ ਬਹੁਤ ਉੱਚਾ ਚੌੜਾ ਤੇ ਹੇਠਾਂ ਨੂੰ ਆ ਰਿਹਾ ਸੀ। ਅਸੀਂ ਵੀ ਤਕੜਾ ਮਨ ਕਰਕੇ ਉਪਰ ਜਾਣ ਲੱਗੇ ਇਹ ਚੜਾਈ ਬੜੀ ਕਠਨ ਸੀ। ਇਹ ਉਚਾਣ ਉੱਚੀ ਨੀਵੀ, ਵੱਡੇ ਛੋਟੇ ਪੱਥਰ, ਜੜਾਂ ,ਤਣੇ, ਕਾਲਾ ਜਿਹਾ ਰਾਹ, ਸਲਾਬੀ ਮਿੱਟੀ ਸੀ।ਅਸੀਂ ਹੌਲੀ ਹੌਲੀ ਇਹਨਾਂ ਨੂੰ ਫੜ ਕੇ ਅੱਗੇ ਚੜ੍ਹ ਗਏ।ਅਸੀਂ ਉਪਰ ਝਰਨੇ ਕੋਲ ਪੁੱਜ ਗਏ। ਝਰਨੇ ਦੇ ਪਾਣੀ ਦੀਆਂ ਬੂੰਦਾਂ ਦੂਰ ਦੂਰ ਤੱਕ ਖਿੰਡ ਕੇ ਜਾ ਰਹੀਆਂ ਸਨ।ਸਿੱਧੀਆਂ ਮੂੰਹ ਤੇ ਪੈ ਰਹੀਆਂ ਸਨ। ਇਹ ਬਹੁਤ ਹੀ ਖ਼ੂਬਸੂਰਤ ਕੁਦਰਤੀ ਪਲ ਸੀ। ਇੱਥੇ ਹੀ ਅਸੀਂ ਉੱਪਰੋਂ ਝਰਨੇ ਦਾ ਸੁੰਦਰ ਨਜ਼ਾਰਾ ਦੇਖਿਆ।ਇਥੋਂ ਹੇਠਾਂ ਜਾਣ ਨੂੰ ਮਨ ਨਾ ਕਰੇ। ਕੁੱਝ ਸਮੇਂ ਬਾਅਦ ਅਸੀਂ ਵਾਪਸ ਹੇਠਾਂ ਨੂੰ ਜਾਣ ਲੱਗੇ। ਉਤਰਨਾ ਬੜਾ ਕਠਨ ਸੀ। ਅਸੀਂ ਨੀਵੇਂ ਹੋ ਕੇ ਝੁਕ ਝੁਕ ਕੇ, ਰੁਕ ਰੁਕ ਕੇ, ਕਦੇ ਪੱਥਰਾਂ ਨੂੰ ਫੜ ਕੇ, ਕਦੇ ਲੱਕੜ ਨੂੰ ਫੜ ਕੇ ਹੇਠਾਂ ਉਤਰ ਰਹੇ ਸੀ ਅਤੇ ਹੌਲੀ ਹੌਲੀ ਅਸੀਂ ਪੱਧਰੀ ਜਗ੍ਹਾ ਤੇ ਆ ਗਏ। ਅਸੀਂ ਪਾਰਕਿੰਗ ਦੇ ਨੇੜੇ ਲੱਗੇ ਟੇਬਲ ਬੈਂਚਾਂ ਤੇ ਬੈਠ ਗਏ। ਕੁੱਝ ਸਮਾਂ ਬੈਠ ਕੇ ਕੁਦਰਤ ਦਾ ਨਜ਼ਾਰਾ ਵੇਖਿਆ ਫਿਰ ਪਾਰਕਿੰਗ ਵਿੱਚ ਪਹੁੰਚ ਕੇ ਘਰ ਵਾਪਸੀ ਕਰ ਲਈ। ਅੱਜ ਫਰਾਈਡਲ ਵੀਲ ਫਾਲ ਦੇਖ ਕੇ ਖ਼ੂਬ ਮਜਾ ਆਇਆ।

**ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ**
**ਮਕਾਨ ਨੰਬਰ** 166, **ਗਲੀ ਹਜਾਰਾ ਸਿੰਘ ਮੋਗਾ**- 142001
**ਵਟਸਐਪ:** +91-97-810-40140

## ਸੇਵਾ ਮੁਕਤ ਮੁਲਾਜ਼ਮ ਈ-ਕੇਵਾਈਸੀ ਕਰਵਾਉਣ ਲਈ

# 14 ਤੇ 15 ਨਵੰਬਰ ਨੂੰ ਪੈਨਸ਼ਨਰ ਸੇਵਾ ਮੇਲੇ 'ਚ ਕਰ ਸਕਦੇ ਨੇ ਸ਼ਿਰਕਤ : ਜ਼ਿਲ੍ਹਾ ਖ਼ਜ਼ਾਨਾ ਅਫ਼ਸਰ



**ਸੰਗਰੂਰ (ਰਣਜੀਤ ਸਿੰਘ ਪੇਧਨੀ )**-ਸੰਗਰੂਰ ਦੇ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਵਿਖੇ ਲੱਗੇ ਪੈਨਸ਼ਨਰ ਸੇਵਾ ਮੇਲੇ ਦੇ ਪਹਿਲੇ ਦਿਨ ਵੱਡੀ ਗਿਣਤੀ ਪੈਨਸ਼ਨਰਾਂ ਨੇ ਮੇਲੇ ਵਿੱਚ ਪਹੁੰਚ ਕੇ ਆਪਣੀ ਡਿਜੀਟਲ ਪੈਨਸ਼ਨ ਸੇਵਾਵਾਂ ਲਈ ਈ-ਕੇਵਾਈਸੀ ਕਰਵਾਈ। ਇਸ ਮੌਕੇ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਉੱਤੇ ਮਿਤੀ 13 ਨਵੰਬਰ ਤੋਂ 15 ਨਵੰਬਰ ਤੱਕ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਵਿਖੇ ਲੱਗਣ ਵਾਲੇ 'ਪੈਨਸ਼ਨਰ ਸੇਵਾ ਮੇਲੇ' ਦਾ ਉਦੇਸ਼ ਸੂਬਾ ਸਰਕਾਰ ਦੇ ਸਮੂਹ ਪੈਨਸ਼ਨਰਾਂ ਨੂੰ ਜ਼ਰੂਰੀ ਈ-ਕੇਵਾਈਸੀ ਪ੍ਰਕਿਰਿਆ ਸਬੰਧੀ ਸਹੂਲਤ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਨਵੇਂ ਲਾਂਚ ਕੀਤੇ ਗਏ ਪੈਨਸ਼ਨਰ ਸੇਵਾ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਣ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਾਰੀਆਂ ਪੈਨਸ਼ਨ ਸਬੰਧੀ ਸੇਵਾਵਾਂ ਲਈ ਵਨ-ਸਟਾਪ ਡਿਜੀਟਲ ਪਲੇਟਫਾਰਮ ਲਾਂਚ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਲਈ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਵਾਸਤੇ ਈ-ਕੇਵਾਈਸੀ ਕਰਵਾਉਣਾ ਲਾਜ਼ਮੀ ਹੈ। ਉਨ੍ਹਾਂ ਸਾਰੇ ਪੈਨਸ਼ਨਰਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਸਹਿਜ ਡਿਜੀਟਲ ਪੈਨਸ਼ਨ ਸੇਵਾਵਾਂ ਦਾ ਅਨੁਭਵ ਕਰਨ ਲਈ 14 ਅਤੇ 15 ਨਵੰਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਵਿੱਚ ਜ਼ਰੂਰ ਆਉਣ ਤੇ ਸਰਕਾਰ ਵੱਲੋਂ ਦਿੱਤੀ ਜਾ ਰਹੀ ਇਸ ਸਹੂਲਤ ਦਾ ਲਾਭ ਲੈਣ।

> **ਪਹਿਲਕਦਮੀ ਦਾ ਉਦੇਸ਼ ਡਿਜੀਟਲ ਪੈਨਸ਼ਨ ਸੇਵਾਵਾਂ ਲਈ ਸਹਿਜ ਈ-ਕੇਵਾਈਸੀ ਦੀ ਸਹੂਲਤ ਦੇਣਾ**

# ਅਜਮੇਰ ਸਿੰਘ ਕਿਸੇ ਵੀ ਖੁੱਲ੍ਹੇ ਮੰਚ 'ਤੇ ਆ ਕੇ ਆਪਣੇ ਵਲੋਂ ਲਾਏ ਇਲਜ਼ਾਮ ਸਾਬਤ ਕਰੇ : ਭਾਈ ਅਜਮੇਰ ਸਿੰਘ ਯੂ.ਐਸ. ਏ.




"ਪਿਛਲੇ ਦਿਨਾਂ ਅਜਮੇਰ ਸਿੰਘ, ਓਰਫ਼ ਗਵਿੰਦਰ ਸਿੰਘ ਕਾਮਰੇਡ, ਨੇ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਜੀ ਹੁਣਾ ਬਾਰੇ ਭੱਦੀ ਅਤੇ ਘੱਟੀਆ ਸ਼ਬਦਾਵਲੀ ਵਰਤੀ ਹੈ। ਮੈਂ ਅਜਮੇਰ ਸਿੰਘ ਨੂੰ ਖੁੱਲ੍ਹੇ ਸੰਵਾਦ ਲਈ ਸੱਦਾ ਦਿੰਦਾ ਹਾਂ ਕਿ ਉਹ ਕਿਸੇ ਵੀ ਖੁੱਲ੍ਹੇ ਮੰਚ 'ਤੇ ਆ ਕੇ ਆਪਣੇ ਵਲੋਂ ਲਾਏ ਇਲਜ਼ਾਮ ਸਾਬਤ ਕਰੇ। ਮੈਂ ਅਜਮੇਰ ਸਿੰਘ ਨੂੰ ਇਸ ਲਈ ਪੰਜ ਦਿਨਾਂ ਦਾ ਸਮਾਂ ਦਿੰਦਾ ਹਾਂ। ਜੇਕਰ ਉਹ ਆਪਣੇ ਕਹੇ ਬਿਆਨਾਂ ਨੂੰ ਸਬੂਤਾਂ ਨਾਲ ਸਾਬਤ ਨਹੀਂ ਕਰ ਸਕਦਾ, ਤਾਂ ਫਿਰ ਉਸਨੂੰ ਆਪਣੇ ਵਰਤੇ ਗਏ ਘੱਟੀਆ ਸ਼ਬਦਾਂ ਲਈ ਜਨਤਕ ਤੌਰ 'ਤੇ ਮਾਫ਼ੀ ਮੰਗਣੀ ਪਵੇਗੀ। ਅਤੇ ਜੇ ਪੰਜ ਦਿਨਾਂ ਦੇ ਅੰਦਰ ਉਹ ਸਬੂਤ ਨਹੀਂ ਪੇਸ਼ ਕਰਦਾ, ਤਾਂ ਪੰਜੇ ਦਿਨਾਂ ਤੋਂ ਬਾਅਦ ਮੈਂ ਪੂਰੇ ਤਰਕ ਅਤੇ ਪਰਮਾਣਾਂ ਨਾਲ ਦੱਸਾਂਗਾ ਕਿ ਅਜਮੇਰ ਸਿੰਘ ਕਦੋਂ-ਕਦੋਂ ਅਤੇ ਕਿੱਥੇ-ਕਿੱਥੇ ਸਟੇਟ ਦਾ ਸੰਦ ਬਣਦਾ ਰਿਹਾ ਹੈ।"

**— ਜਤਿੰਦਰ ਸਿੰਘ ਖ਼ਾਲਸਾ**
**ਬੁਲਾਰਾ, ਦਮਦਮੀ ਟਕਸਾਲ (ਯੂ. ਐਸ. ਏ.)**

# ਯੂਕੇ-ਭਾਰਤ ਵਪਾਰ ਸਮਝੌਤਾ "ਵੱਡੀਆਂ ਕੰਪਨੀਆਂ ਵੱਲ ਝੁਕਿਆ ਹੋਇਆ", ਇੰਡਿਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਦੀ ਚੇਤਾਵਨੀ



**ਲੰਡਨ / ਲੈਸਟਰ : 13 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਇੰਡਿਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਨਵੇਂ ਯੂਕੇ-ਭਾਰਤ ਮੁਫ਼ਤ ਵਪਾਰ ਸਮਝੌਤੇ (FTA) ਬਾਰੇ ਚਿੰਤਾ ਜਤਾਈ ਹੈ, ਕਿਉਂਕਿ ਇਹ ਸਮਝੌਤਾ ਵੱਡੀਆਂ ਮਲਟੀਨੇਸ਼ਨਲ ਕੰਪਨੀਆਂ ਅਤੇ ਉੱਚ-ਹੁਨਰਮੰਦ ਪ੍ਰੋਫੈਸ਼ਨਲ ਕਰਮਚਾਰੀਆਂ ਨੂੰ ਤਰਜੀਹ ਦਿੰਦਾ ਹੈ, ਜਦੋਂ ਕਿ ਯੂਕੇ ਵਿੱਚ ਰਹਿੰਦੇ ਆਮ ਭਾਰਤੀ ਅਤੇ ਮਾਈਗ੍ਰੇਂਟ ਮਜ਼ਦੂਰਾਂ ਲਈ ਕੋਈ ਸਿੱਧਾ ਲਾਭ ਨਹੀਂ। ਜੁਲਾਈ 2025 ਵਿੱਚ ਸਾਇਨ ਕੀਤੇ ਗਏ ਇਸ ਸਮਝੌਤੇ ਵਿੱਚ ਇਹ ਪ੍ਰਾਵਧਾਨ ਹੈ ਕਿ ਯੂਕੇ ਵਿੱਚ ਅਸਥਾਈ ਤਾਇਨਾਤ ਕੀਤੇ ਗਏ ਭਾਰਤੀ ਕਰਮਚਾਰੀ 36 ਮਹੀਨੇ ਤੱਕ ਯੂਕੇ ਦਾ ਨੈਸ਼ਨਲ ਇਨਸ਼ੋਰੈਂਸ ਨਹੀਂ ਭਰਨਗੇ, ਜੇ ਉਹ ਭਾਰਤ ਦੇ Employee Provident Fund (EPF) ਵਿੱਚ ਯੋਗਦਾਨ ਜਾਰੀ ਰੱਖਣ। ਸਰਕਾਰੀ ਅੰਦਾਜ਼ਿਆਂ ਮੁਤਾਬਕ ਇਹ ਵਿਵਸਥਾ ਤਕਰੀਬਨ 75,000 ਉੱਚ-ਹੁਨਰਮੰਦ ਵਰਕਰਾਂ 'ਤੇ ਲਾਗੂ ਹੋ ਸਕਦੀ ਹੈ—ਖ਼ਾਸ ਕਰਕੇ IT, ਇੰਜੀਨੀਅਰਿੰਗ ਅਤੇ ਫ਼ਾਇਨੈਂਸ ਖੇਤਰ ਵਿੱਚ। ਪਰ ਮਜ਼ਦੂਰ ਹੱਕਾਂ ਲਈ ਕੰਮ ਕਰ ਰਹੀਆਂ ਸੰਗਠਨਾਂ ਦਾ ਕਹਿਣਾ ਹੈ ਕਿ ਇਹ ਸਮਝੌਤਾ ਘੱਟ-ਤਨਖ਼ਾਹ, ਅਸਥਿਰ ਅਤੇ ਮਿਹਨਤਕਸ਼ ਸੈਕਟਰਾਂ ਵਿੱਚ ਕੰਮ ਕਰਨ ਵਾਲੇ ਲੱਖਾਂ ਮਜ਼ਦੂਰਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦਾ ਹੈ। "ਇਹ ਵਪਾਰਕ ਸਮਝੌਤਾ ਵੱਡੀਆਂ ਕੰਪਨੀਆਂ ਲਈ ਹੈ, ਮਿਹਨਤਕਸ਼ ਲੋਕਾਂ ਲਈ ਨਹੀਂ," ਕਿਹਾ ਸੀਤਲ ਸਿੰਘ ਗਿੱਲ, ਜਨਰਲ ਸੈਕਰਟਰੀ, ਇੰਡਿਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਨੇ। "ਨਵੀਆਂ ਨੌਕਰੀਆਂ ਨਹੀਂ, ਕੋਈ ਨਵੇਂ ਹੱਕ ਨਹੀਂ, ਨਾ ਹੀ ਘੱਟ-ਤਨਖ਼ਾਹ ਵਾਲਿਆਂ ਲਈ ਕੋਈ ਸੁਰੱਖਿਆ। ਵਪਾਰ ਲਾਭ ਨਾਲ ਨਹੀਂ, ਸਮਜੋਤਾ ਸਮੁੱਚੇ ਲੋਕਾਂ ਦੀ ਭਲਾਈ ਨਾਲ ਜੁੜਿਆ ਹੋਣਾ ਚਾਹੀਦਾ ਹੈ।" ਅਗਲੇ ਸਾਲ ਲਾਗੂ ਹੋਣ ਦੀ ਉਮੀਦ ਭਾਵੇਂ ਇਹ ਸਮਝੌਤਾ ਸਾਇਨ ਹੋ ਚੁੱਕਾ ਹੈ, ਪਰ ਅਜੇ ਤੱਕ ਲਾਗੂ ਨਹੀਂ ਹੋਇਆ। ਦੋਵੇਂ ਸਰਕਾਰਾਂ ਨੇ ਇਸ਼ਾਰਾ ਦਿੱਤਾ ਹੈ ਕਿ ਇਹ ਅਗਲੇ ਸਾਲ ਦੇ ਸ਼ੁਰੂ ਵਿੱਚ ਲਾਗੂ ਹੋ ਸਕਦਾ ਹੈ, ਜਿਵੇਂ ਹੀ ਯੂਕੇ ਅਤੇ ਭਾਰਤ ਦੀਆਂ ਮਨਜ਼ੂਰੀ ਪ੍ਰਕਿਰਿਆਵਾਂ ਪੂਰਨ ਹੋਣਗੀਆਂ। ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ 8-9 ਅਕਤੂਬਰ 2025 ਦੀ ਭਾਰਤ ਯਾਤਰਾ ਦੌਰਾਨ ਦੋਵੇਂ ਦੇਸ਼ਾਂ ਨੇ FTA ਦੇ ਜਲਦੀ ਲਾਗੂ ਹੋਣ ਲਈ ਆਪਣਾ ਵਚਨ ਦੁਹਰਾਇਆ। ਡਾਊਨਿੰਗ ਸਟ੍ਰੀਟ ਨੇ ਕਿਹਾ ਕਿ ਇਹ ਯਾਤਰਾ "ਸਮਝੌਤੇ ਦੀ ਤੇਜ਼ ਤਰੱਕੀ" ਲਈ ਸੀ, ਜਦੋਂ ਕਿ ਸਟਾਰਮਰ ਨੇ ਸਪਸ਼ਟ ਕੀਤਾ ਕਿ ਇਹ ਸਮਝੌਤਾ ਯੂਕੇ ਦੀ ਵੀਜ਼ਾ ਨੀਤੀ 'ਤੇ ਅਸਰ ਨਹੀਂ ਪਾਵੇਗਾ। 1938 ਤੋਂ ਮਜ਼ਦੂਰ ਹੱਕਾਂ, ਬਰਾਬਰੀ ਅਤੇ ਨਿਆਂ ਲਈ ਲੜਦੀ ਆ ਰਹੀ ਇੰਡਿਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.) ਨੇ ਐਲਾਨ ਕੀਤਾ ਹੈ ਕਿ ਇਹ ਸਮਝੌਤੇ ਦੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਲੈਸਟਰ, ਕਵੈਂਟਰੀ, ਬਰਮਿੰਘਮ ਅਤੇ ਲੰਡਨ ਵਿੱਚ ਕਮਿਊਨਿਟੀ ਮੀਟਿੰਗਾਂ ਕਰੇਗੀ। "ਜੇ ਯੂ.ਕੇ. ਅਤੇ ਭਾਰਤ ਸੱਚਮੁੱਚ ਦੋਸਤੀ ਦੀ ਗੱਲ ਕਰਦੇ ਹਨ," ਸ਼੍ਰੀ ਗਿੱਲ ਨੇ ਕਿਹਾ, "ਤਾਂ ਇਹ ਦੋਸਤੀ ਉਹਨਾਂ ਲੋਕਾਂ ਦੀ ਭਲਾਈ ਤੇ ਇਨਸਾਫ਼ 'ਤੇ ਟਿਕੀ ਹੋਣੀ ਚਾਹੀਦੀ ਹੈ — ਜੋ ਮਿਹਨਤ ਕਰਦੇ ਹਨ, ਨਾ ਕਿ ਸਿਰਫ਼ ਉਹ ਜੋ ਮਾਲੀ ਲਾਭ ਲਈ ਸੌਦੇ ਕਰਦੇ ਹਨ।"

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

350 ਸਾਲਾ ਸ਼ਹੀਦੀ ਸ਼ਤਾਬਦੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਮਹਾਰਾਜ ਭਾਈ ਮਤੀ ਦਾਸ ਭਾਈ ਸਤੀ ਦਾਸ ਭਾਈ ਦਿਆਲਾ ਜੀ ਨੂੰ ਸਮਰਪਿਤ

# 'ਸ਼ਹੀਦੀ ਨਗਰ ਕੀਰਤਨ' ਦਾ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਪਹੁੰਚਣ 'ਤੇ ਭਰਵਾਂ ਸਵਾਗਤ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਸਮੂੰਹ ਪੰਥਕ ਸੰਸਥਾਵਾਂ ਦੇ ਮੁਖੀ ਅਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਘੋੜੇ ਹਾਥੀ ਵੱਡੇ ਜਲੌਅ ਦੇ ਰੂਪ ਵਿੱਚ ਸ਼ਾਮਿਲ ਹੋਏ








ਆਵਾਜ਼ਿ ਕੌਮ AWAZE QAUM International Newspaper & WEB TV






ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂੰਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ 350ਸਾਲਾ ਸ਼ਹੀਦੀ ਸ਼ਤਾਬਦੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਮਹਾਰਾਜ ਭਾਈ ਮਤੀ ਦਾਸ ਭਾਈ ਸਤੀ ਦਾਸ ਭਾਈ ਦਿਆਲਾ ਜੀ ਨੂੰ ਸਮਰਪਿਤ "ਸ਼ਹੀਦੀ ਨਗਰ ਕੀਰਤਨ" ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਦਿੱਲੀ ਤੱਕ ਆਰੰਭ ਕੀਤਾ ਗਿਆ ਜੋ ਅੱਜ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਰਾਤ ਦਾ ਪੜਾਅ ਕਰੇਗਾ ਸਵੇਰੇ ਫਿਰ ਆਰੰਭ ਹੋ ਕੇ ਗੁਰਦੁਆਰਾ ਸੀਸਗੰਜ ਸਾਹਿਬ ਚਾਂਦਨੀ ਚੌਂਕ ਦਿੱਲੀ ਵਿਖੇ ਸਮਾਪਤ ਹੋਵੇਗਾ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਸਮੂੰਹ ਪੰਥਕ ਸੰਸਥਾਵਾਂ ਦੇ ਮੁਖੀ ਅਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਘੋੜੇ ਹਾਥੀ ਵੱਡੇ ਜਲੌਅ ਦੇ ਰੂਪ ਵਿੱਚ ਸ਼ਾਮਿਲ ਹੋਏ।




(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

350 ਸਾਲਾ ਸ਼ਹੀਦੀ ਸ਼ਤਾਬਦੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਮਹਾਰਾਜ ਭਾਈ ਮਤੀ ਦਾਸ ਭਾਈ ਸਤੀ ਦਾਸ ਭਾਈ ਦਿਆਲਾ ਜੀ ਨੂੰ ਸਮਰਪਿਤ

# 'ਸ਼ਹੀਦੀ ਨਗਰ ਕੀਰਤਨ' ਦਾ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਪਹੁੰਚਣ 'ਤੇ ਭਰਵਾਂ ਸਵਾਗਤ

**ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਸਮੂੰਹ ਪੰਥਕ ਸੰਸਥਾਵਾਂ ਦੇ ਮੁਖੀ ਅਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਘੋੜੇ ਹਾਥੀ ਵੱਡੇ ਜਲੌਅ ਦੇ ਰੂਪ ਵਿੱਚ ਸ਼ਾਮਿਲ ਹੋਏ**




















(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

350 ਸਾਲਾ ਸ਼ਹੀਦੀ ਸ਼ਤਾਬਦੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਭਾਈ ਮਤੀ ਦਾਸ ਭਾਈ ਸਤੀ ਦਾਸ ਭਾਈ ਦਿਆਲਾ ਜੀ ਨੂੰ ਸਮਰਪਿਤ

# ‘ਸ਼ਹੀਦੀ ਨਗਰ ਕੀਰਤਨ’ ਦਾ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਪਹੁੰਚਣ ’ਤੇ ਭਰਵਾਂ ਸਵਾਗਤ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਗਰ ਕੀਰਤਨ ਵਿੱਚ ਹਾਜ਼ਰੀ ਭਰੀ ਸਮੂੰਹ ਪੰਥਕ ਸੰਸਥਾਵਾਂ ਦੇ ਮੁਖੀ ਅਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਘੋੜੇ ਹਾਥੀ ਵੱਡੇ ਜਲੌਅ ਦੇ ਰੂਪ ਵਿੱਚ ਸ਼ਾਮਿਲ ਹੋਏ













ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਭਾਰਤੀ ਵਿਦੇਸ਼ ਮੰਤਰੀ ਜੈ ਸ਼ੰਕਰ ਦਾ ਜੀ-7 ਮੀਟਿੰਗ ਦੌਰਾਨ

# ਕੈਨੇਡੀਅਨ ਸਿੱਖਾਂ ਵਲੋਂ 36 ਘੰਟੇ ਦਾ ਵਿਰੋਧ ਪ੍ਰਦਰਸ਼ਨ




ਨਵੀਂ ਦਿੱਲੀ 13 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):- ਭਾਰਤੀ ਵਿਦੇਸ਼ ਮੰਤਰੀ ਜੈ ਸ਼ੰਕਰ ਨੂੰ ਕੈਨੇਡਾ ਵਲੋਂ ਜੀ 7 ਦੀ ਮੀਟਿੰਗ ਵਿਚ ਹਾਜ਼ਿਰੀ ਭਰਣ ਦੇ ਦਿੱਤੇ ਸੱਦੇ ਤੋਂ ਬਾਅਦ, ਜਦੋ ਕੈਨੇਡੀਅਨ ਸਿੱਖਾਂ ਨੂੰ ਪਤਾ ਲਗਿਆ ਓਦੋ ਤੋਂ ਹੀ ਉਨ੍ਹਾਂ ਨੇ ਇਸ ਦਾ ਵੱਡੇ ਪੱਧਰ ਤੇ ਵਿਰੋਧ ਕਰਣ ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ ਸਨ । ਬੀਤੀ 11 ਨਵੰਬਰ ਦੀ ਤੋਂ ਹੀ ਸਿੱਖਾਂ ਨੇ ਨਿਆਗਰਾ ਫਾਲ ਪਹੁੰਚ ਕੇ ਓਥੇ ਮੋਰਚਾ ਸੰਭਾਲ ਲਿਆ ਸੀ ਤੇ ਭਾਈ ਨਿੱਝਰ ਦੇ ਕਤਲ ਵਿਚ ਸ਼ਾਮਿਲ ਸ਼ਕੀ ਭਾਰਤੀ ਰਾਜਦੂਤਾਂ ਨੂੰ ਕੈਨੇਡੀਅਨ ਕਨੂੰਨ ਹੇਠ ਲਿਆ ਕੇ ਉਨ੍ਹਾਂ ਉਪਰ ਕੈਨੇਡੀਅਨ ਕਨੂੰਨ ਅਨੁਸਾਰ ਮੁਕਦਮਾ ਚਲਾਉਣ ਦੀ ਮੰਗ ਕੀਤੀ ਗਈ । ਜਿਕਰਯੋਗ ਹੈ ਕਿ ਜੀ 7 ਦੀ ਮੀਟਿੰਗ ਵਿਚ ਵੱਖ ਵੱਖ ਦੇਸ਼ਾਂ ਦੇ ਮੰਤਰੀ ਹਾਜਿਰ ਹੋਏ ਸਨ ਤੇ ਉਨ੍ਹਾਂ ਵਲੋਂ ਇਸ ਵਿਰੋਧ ਪ੍ਰਦਰਸ਼ਨ ਨੂੰ ਦੇਖਿਆ ਗਿਆ ਸੀ । ਕੈਨੇਡੀਅਨ ਸਿੱਖਾਂ ਵਲੋਂ ਇਹ ਵਿਰੋਧ ਪ੍ਰਦਰਸ਼ਨ ਭਾਰੀ ਠੰਡ ਅਤੇ ਟੈਂਪਰੇਚਰ ਮਾਈਨਸ ਹੋਣ ਦੇ ਬਾਵਜੂਦ ਲਗਾਤਾਰ 36 ਘੰਟਿਆਂ ਤਕ ਚਲਦਾ ਰੱਖਿਆ ਗਿਆ ਸੀ ਜੋ ਕਿ ਉਨ੍ਹਾਂ ਦੀ ਜਾਗਦੀ ਜਮੀਰ ਦਾ ਪ੍ਰਤੱਖ ਦਰਸ਼ਨ ਕਰਵਾ ਰਿਹਾ ਸੀ, ਤੇ ਪ੍ਰਦਰਸ਼ਨ ਵਿਚ ਖਾਲਿਸਤਾਨੀ ਝੰਡਿਆਂ ਦੇ ਨਾਲ ਗੂੰਜਦੀ ਅਵਾਜ਼ਾਂ ਵਿਚ ਖਾਲਸਾਈ ਨਾਹਰੇ ਲਗ ਰਹੇ ਸਨ ਜੋ ਕਿ ਰਾਹਗੀਰਾਂ ਅਤੇ ਪੁਲਿਸ ਲਈ ਖਿੱਚ ਦਾ ਕੇਂਦਰ ਬਣੇ ਹੋਏ ਸਨ । ਇਥੇ ਦਸਣਯੋਗ ਹੈ ਕਿ ਜੀ -7 ਮੀਟਿੰਗ ਤੋਂ ਪਹਿਲਾਂ ਇੱਕ ਮੀਡੀਆ ਬ੍ਰੀਫਿੰਗ ਵਿੱਚ, ਕੈਨੇਡੀਅਨ ਮੰਤਰੀ ਅਨੀਤਾ ਆਨੰਦ ਤੋਂ ਪੁੱਛਿਆ ਗਿਆ ਕਿ ਕੀ ਭਾਰਤ ਨੇ ਹਰਦੀਪ ਸਿੰਘ ਨਿੱਝਰ, ਜਿਸ ਨੂੰ ਭਾਰਤ ਨੇ ਖਾਲਿਸਤਾਨੀ ਖਾੜਕੂ ਵਜੋਂ ਸੂਚੀਬੱਧ ਕੀਤਾ ਹੈ, ਦੀ ਹੱਤਿਆ ਬਾਰੇ ਕੋਈ ਜਾਣਕਾਰੀ ਸਾਂਝੀ ਕੀਤੀ ਹੈ। ਉਸਨੇ ਜ਼ੋਰ ਦੇ ਕੇ ਗੱਲ ਨੂੰ ਦੂਜੇ ਪਾਸੇ ਲੈ ਜਾਂਦਿਆਂ ਕਿਹਾ ਕਿ ਕੈਨੇਡਾ "ਇਹ ਯਕੀਨੀ ਬਣਾ ਰਿਹਾ ਹੈ ਕਿ ਭਾਰਤ ਨਾਲ ਦੁਵੱਲੇ ਸਬੰਧਾਂ ਵਿੱਚ ਕਾਨੂੰਨ ਦੇ ਰਾਜ ਦੀ ਚਿੰਤਾ, ਇਹ ਜਨਤਕ ਸੁਰੱਖਿਆ ਚਿੰਤਾਵਾਂ, ਸਬੰਧਾਂ ਦੀ ਤਰੱਕੀ ਵਿੱਚ ਸਭ ਤੋਂ ਅੱਗੇ ਹੋਣ÷। ਇਸ ਪ੍ਰਦਰਸ਼ਨ ਵਿਚ ਜਲਾਵਤਨੀ ਬਾਬਾ ਸਤਨਾਮ ਸਿੰਘ ਖੇਲਾ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਮਨਜਿੰਦਰ ਸਿੰਘ, ਭਾਈ ਇੰਦਰਜੀਤ ਸਿੰਘ ਸਮੇਤ ਵਡੀ ਗਿਣਤੀ ਵਿਚ ਸਿੰਘਾਂ ਨੇ ਹਾਜ਼ਿਰੀ ਭਰੀ ਸੀ । ਇਸ ਮੌਕੇ ਉਨ੍ਹਾਂ ਕਿਹਾ ਕਿ ਘਰ ਬੈਠ ਕੇ ਜਾਂ ਸੋਸ਼ਲ ਮੀਡੀਆ ਤੇ ਪੋਸਟਾਂ ਪਾ ਕੇ ਕੀਤੇ ਜਾ ਰਹੇ ਵਿਰੋਧ ਨਾਲੋਂ ਸੜਕਾਂ ਤੇ ਆਪਣੀ ਹਾਜ਼ਿਰੀ ਲੁਆ ਕੇ ਜਤਾਇਆ ਗਿਆ ਵਿਰੋਧ ਜਲਦੀ ਰੰਗ ਲਿਆਂਦਾ ਹੈ ਤੇ ਸਾਨੂੰ ਇਸਦਾ ਰੰਝ ਹੈ ਕਿ ਜਿਹੜੇ ਆਪਣੇ ਆਪ ਨੂੰ ਭਾਈ ਨਿੱਝਰ ਦੇ ਵਾਰਿਸ ਅਖਵਾਉਂਦੇ ਸਨ ਜੋ ਕਹਿੰਦੇ ਹਨ ਕਿ ਸਾਡੇ ਕੋਲ ਭਾਈ ਨਿੱਝਰ ਦੀਆਂ ਬਹੁਤੀਆਂ ਨਿਸ਼ਾਨੀਆਂ ਹਨ ਓਹ ਹੀ ਭਾਈ ਨਿੱਝਰ ਨੂੰ ਇੰਨਸਾਫ ਦਿਵਾਉਣ ਲਈ ਘਰੋਂ ਨਹੀਂ ਨਿਕਲਦੇ ਇਸ ਤੋਂ ਵਡੀ ਦੁੱਖ ਦੀ ਗੱਲ ਹੋਰ ਕੀ ਹੋ ਸਕਦੀ ਹੈ, ਉਨ੍ਹਾਂ ਖਾਸ ਕਰਕੇ ਸਰੀ ਤੋਂ ਭਾਈ ਨਿੱਝਰ ਟੀਮ ਅਤੇ ਹੋਰ ਵੱਖ ਵੱਖ ਰਾਜਾਂ ਤੋਂ ਮੁਜਾਹਿਰੇ ਵਿਚ ਸ਼ਾਮਿਲ ਹੋਣ ਪਹੁੰਚੀਆਂ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ 23 ਨਵੰਬਰ ਨੂੰ ਓਟਵਾ ਹੋਣ ਵਾਲੇ ਰੈਫਰੰਡਮ ਦੀਆਂ ਵੋਟਾਂ ਦੇ ਅਗਲੇ ਪੜਾਅ ਵਿਚ ਵੱਧ ਤੋਂ ਵੱਧ ਹਾਜ਼ਿਰੀ ਭਰਣ ਦੀ ਅਪੀਲ ਕੀਤੀ ।

ਆਵਾਜ਼ਿ ਕੌਮ AWAZE QAUM International Newspaper & WEB TV




# ਗਿਆਨੀ ਮਲਕੀਤ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਜੀ ਯੂਐਸਏ ਵਿਚ ਕਰ ਰਹੇ ਹਨ ਸਿੱਖੀ ਦਾ ਪ੍ਰਚਾਰ ਪ੍ਰਸਾਰ



**ਨਵੀਂ ਦਿੱਲੀ 13 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)**:- ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਜੀ ਨੇ ਯੂ ਐਸ ਏ ਪ੍ਰਚਾਰ ਫੇਰੀ ਨੇ ਨੌਜਵਾਨਾਂ ਨੂੰ ਸਿੱਖੀ ਵਲ ਪ੍ਰੇਰਿਤ ਕੀਤਾ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜੱਥਾ ਠੀਕਰੀਵਾਲਾ ਦੇ ਮੁੱਖੀ ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਨੇ ਕੀਤਾ । ਭਾਈ ਠੀਕਰੀਵਾਲਾ ਨੇ ਦੱਸਿਆ ਸ੍ਰੀ ਅਕਾਲ ਤਖਤ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਕੁੱਝ ਮਹੀਨਿਆਂ ਲਈ ਸਿੱਖੀ ਪ੍ਰਚਾਰ ਦੌਰੇ ਤੇ ਯੂ ਐਸ ਏ ਆਏ ਹੋਏ ਹਨ ਓਨਾ ਵੱਲੋ ਵੱਖ ਵੱਖ ਗੁਰੂ ਘਰਾਂ ਵਿੱਚ ਗੁਰਮਤਿ ਸਮਾਗਮ ਕੀਤੇ ਜਾ ਰਹੇ ਹਨ । ਇਸੇ ਪ੍ਰਚਾਰ ਫੇਰੀ ਤਹਿਤ ਉਹ ਪ੍ਰਚਾਰ ਸਮਾਗਮਾਂ ਲਈ ਇੰਡੀਆਨਾ ਸਟੇਂਟ ਦੇ ਸ਼ਹਿਰ ਗਰੀਨ ਵੂਡ ਦੇ ਗੁਰਦਵਾਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਿਖ਼ੇ ਇੱਕ ਹਫਤਾ ਕਥਾ ਸਮਾਗਮਾਂ ਲਈ ਆਏ ਸਨ। ਇਸ ਸਮੇ ਵੱਖ ਵੱਖ ਪਰਿਵਾਰਾਂ ਵੱਲੋ ਸਿੰਘ ਸਾਹਿਬ ਨੂੰ ਟਹਿਲ ਸੇਵਾ ਲਈ ਆਪਣੇ ਘਰ ਸੱਦਾ ਦਿੱਤਾ ਗਿਆ । ਸਿੰਘ ਸਾਹਿਬ ਜੀ ਵਲੋਂ ਸੁਰਿੰਦਰ ਸਿੰਘ ਠੀਕਰੀਵਾਲ ਅਤੇ ਗੁਰਦੀਪ ਸਿੰਘ ਭੁੱਟਾ ਦੇ ਘਰ ਆਏ । ਇਸ ਦੌਰਾਨ ਉਨ੍ਹਾਂ ਨੇ ਓਥੇ ਹਾਜ਼ਰ ਨੌਜਵਾਨਾਂ ਨੂੰ ਗੁਰਮਤਿ ਨਾਲ ਜੁੜਨ ਤੇ ਕਿਰਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਨੌਜਵਾਨਾਂ ਦੇ ਸਵਾਲਾਂ ਦੇ ਜਵਾਬ ਵੀ ਗੁਰਮਤਿ ਅਨੁਸਾਰ ਦਿੱਤੇ ਗਏ । ਨੌਜਵਾਨਾਂ ਵੱਲੋ ਗਿਆਨੀ ਮਲਕੀਤ ਸਿੰਘ ਜੀ ਦਾ ਵਿਸ਼ੇਸ ਤੌਰ ਸਨਮਾਨ ਵੀ ਕੀਤਾ ਗਿਆ । ਇਸ ਮੌਕੇ ਤੇ ਉਘੇ ਨਾਵਲਕਾਰ ਭਾਈ ਅਮਰਦੀਪ ਸਿੰਘ ਅਮਰ, ਗੁਰਦੀਪ ਸਿੰਘ ਕਰੋਰ, ਭਾਈ ਰਮਨਦੀਪ ਸਿੰਘ, ਭਾਈ ਪਰਮਿੰਦਰ ਸਿੰਘ, ਸਤਨਾਮ ਸਿੰਘ ਗੁਰਮੁੱਖ ਟ੍ਰਾਂਸਪੋਰਟ, ਹਰਪ੍ਰੀਤ ਸਿੰਘ ਮੁਲਤਾਨੀ, ਓਂਕਾਰ ਸਿੰਘ ਇੰਡੀਆਨਾ, ਅਮਨਦੀਪ ਸਿੰਘ ਚਾਚਾ, ਲਵਪ੍ਰੀਤ ਸਿੰਘ ਲਵੀ ਮੁਲਤਾਨੀ, ਹਰਜਿੰਦਰ ਸਿੰਘ, ਜਾਨਪਾਲ ਸਿੰਘ ਆਦਿ ਨੌਜਵਾਨ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV



ਤਰਨਾ ਦਲ ਦੇ ਮੌਜੂਦਾ 1 6 ਵੇ ਮੁੱਖੀ ਸਿੰਘ ਸਾਹਿਬ ਸ਼੍ਰੀ ਮਾਨ ਸੰਤ ਬਾਬਾ ਜੋਗਾ ਸਿੰਘ ਬਾਬਾ ਬਕਾਲਾ ਸਾਹਿਬ ਵਾਲਿਆਂ ਨੇ ਸਮਾਜ ਸੇਵੀ ਐਮ ਐਸ ਹਾਂਡਾ ਮੋਟਰਜ਼ ਚੌਕ ਮਹਿਤਾ ਦੇ ਮਾਲਕ ਰਮਨਬੀਰ ਸਿੰਘ ਲੱਧਾ ਮੁੰਡਾ ਅਤੇ ਅੰਤਰਪ੍ਰੀਤ ਸਿੰਘ ਲੱਧਾ ਮੁੰਡਾ ਨੂੰ ਸਿਰਪਾਓ ਦੇ ਕੇ ਸਨਮਾਨਿਤ ਕਰਦੇ ਹੋਏ। ( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਰਾਜ-ਪੱਧਰੀ ਨਾਟਕ ਮੇਲੇ ਦੇ ਦੂਜੇ ਦਿਨ

# ਖੇਡੇ ਨਾਟਕ 'ਜੀ ਆਇਆਂ ਨੂੰ' ਨੇ ਦਿਲ ਟੁੰਬੇ







**ਤਲਵੰਡੀ ਸਾਬੋ/ਬਠਿੰਡਾ, 13 ਨਵੰਬਰ (ਗੁਰਜੰਟ ਸਿੰਘ ਨਥੇਹਾ)**- ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਤੇ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ, ਨਗਰ ਨਿਗਮ ਬਠਿੰਡਾ ਅਤੇ ਨਾਟਿਅਮ ਪੰਜਾਬ ਦੇ ਸਹਿਯੋਗ ਸਦਕਾ ਤਿੰਨ-ਰੋਜ਼ਾ ਰਾਜ-ਪੱਧਰੀ ਨਾਟਕ ਮੇਲੇ ਦੇ ਦੂਜੇ ਦਿਨ ਦਿਲ ਟੁੰਬਵਾਂ ਨਾਟਕ 'ਜੀ ਆਇਆਂ ਨੂੰ' ਖੇਡਿਆ ਗਿਆ। ਭੁਪਿੰਦਰ ਉਤਰੇਜਾ ਦੇ ਲਿਖੇ ਇਸ ਨਾਟਕ ਨੂੰ ਟੀਮ ਨਟਰੰਗ ਅਬੋਹਰ ਨੇ ਹਨੀ ਉਤਰੇਜਾ ਦੇ ਨਿਰਦੇਸ਼ਨ ਹੇਠ ਖੇਡਿਆ। ਨਾਟਕ ਵਿੱਚ ਵਡੇਰੀ ਉਮਰ ਵਿੱਚ ਬਜ਼ੁਰਗਾਂ ਵੱਲੋਂ ਹੰਢਾਏ ਜਾਂਦੇ ਇਕੱਲਤਾ ਦੇ ਦੁਖਾਂਤ ਨੂੰ ਬੜੀ ਸੰਜੀਦਗੀ ਨਾਲ ਦਰਸਾਇਆ ਗਿਆ। ਕਹਾਣੀ ਵਿੱਚ ਜੀਵਨ ਸਾਥੀ ਦੇ ਜਾਣ ਮਗਰੋਂ ਜਦੋਂ ਬੱਚੇ ਵੀ ਪਰਦੇਸ ਜਾਂ ਹੋਰ ਕੰਮਾਂ-ਧੰਦਿਆਂ ਕਰਕੇ ਪਿੱਛੇ ਇੱਕਲੇ ਰਹਿ ਗਏ ਪਿਉ ਜਾਂ ਮਾਂ ਤੋਂ ਮੁਖ ਮੋੜ ਲੈਣ ਤਾਂ ਉਸ ਸਮੇਂ ਮਾਪਿਆਂ ਨੂੰ ਜੋ ਦੁਖਾਂਤ ਹੰਢਾਉਣਾ ਪੈਂਦਾ ਹੈ, ਉਸ ਦੁਖਾਂਤ ਦੀ ਭਾਵਪੂਰਤ ਪੇਸ਼ਕਾਰੀ ਕੀਤੀ ਗਈ।ਨਾਟਕ ਦੌਰਾਨ ਦਰਸ਼ਕ ਬਹੁਤ ਵਾਰ ਭਾਵੁਕ ਹੋਏ ਤੇ ਤਾੜੀਆਂ ਨਾਲ ਅਦਾਕਾਰਾਂ ਦੀ ਹੌਂਸਲਾ-ਅਫ਼ਜ਼ਾਈ ਕੀਤੀ। ਨਾਟ-ਉਤਸਵ ਦੇ ਦੂਸਰੇ ਦਿਨ ਸਕੱਤਰ ਆਰ.ਟੀ.ਏ. ਸ. ਗਗਨਦੀਪ ਸਿੰਘ, ਐਸ.ਡੀ.ਐਮ. ਤਲਵੰਡੀ ਸਾਬੋ ਸ਼੍ਰੀ ਪੰਕਜ ਬਾਂਸਲ ਅਤੇ ਭਾਸ਼ਾ ਵਿਭਾਗ ਪੰਜਾਬ ਤੋਂ ਸਹਾਇਕ ਡਾਇਰੈਕਟਰ ਸ. ਤਜਿੰਦਰ ਸਿੰਘ ਗਿੱਲ ਨੇ ਸ਼ਿਰਕਤ ਕੀਤੀ। ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤਾ। ਇਸ ਮੌਕੇ ਸ. ਤਜਿੰਦਰ ਸਿੰਘ ਗਿੱਲ ਨੇ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਦੇ ਨਾਟ-ਉਤਸਵ ਸਬੰਧੀ ਪ੍ਰਬੰਧਾਂ ਦੀ ਸ਼ਲਾਘਾ ਕਰਦੇ ਹੋਏ ਭਾਸ਼ਾ ਵਿਭਾਗ ਪੰਜਾਬ ਦੀ ਭਾਸ਼ਾ ਦੀ ਪ੍ਰਫੁੱਲਤਾ ਪ੍ਰਤੀ ਵਚਨਬੱਧਤਾ ਦੁਹਰਾਈ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੂੰ ਮੇਲੇ ਦੀ ਸਫ਼ਲਤਾ ਲਈ ਵਧਾਈ ਦਿੱਤੀ। ਅੰਤ ਵਿੱਚ ਖੋਜ ਅਫ਼ਸਰ ਨਵਪ੍ਰੀਤ ਸਿੰਘ ਨੇ ਮਹਿਮਾਨਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਇਸ ਇਸ ਦੌਰਾਨ ਜ਼ਿਲ੍ਹਾ ਭਾਸ਼ਾ ਦਫ਼ਤਰ ਬਠਿੰਡਾ ਦੇ ਵਿਕਰੀ ਕੇਂਦਰ ਇੰਚਾਰਜ ਸ਼੍ਰੀ ਸੁਖਮਨੀ ਸਿੰਘ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਓਪਨ ਮਾਈਕ ਸੈਸ਼ਨ ਵਿੱਚ ਵੀ ਦਰਸ਼ਕਾਂ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਮੰਚ ਸੰਚਾਲਕ ਦੀ ਭੂਮਿਕਾ ਡਾ. ਸੰਦੀਪ ਸਿੰਘ ਮੋਹਲਾਂ ਨੇ ਨਿਭਾਈ। ਇਸ ਰਾਜ-ਪੱਧਰੀ ਨਾਟ-ਮੇਲੇ 'ਚ ਸਹਿਯੋਗ ਕਰ ਰਹੀ ਨਾਟਿਅਮ ਪੰਜਾਬ ਟੀਮ ਦੇ ਪ੍ਰਧਾਨ ਮੈਡਮ ਰਿੰਪੀ ਕਾਲੜਾ, ਈਵੈਂਟ ਕੋਆਰਡੀਨੇਟਰ ਗੁਰਨੂਰ ਸਿੰਘ, ਨਾਟਿਅਮ ਵਿੱਤ ਸਕੱਤਰ ਓ.ਪੀ.ਚਾਵਲਾ ਇਸ ਸਮਾਰੋਹ ਨੂੰ ਸਫ਼ਲਤਾ ਸਹਿਤ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਸਹਿਯੋਗ ਦੇ ਰਹੇ ਹਨ। ਮੈਡਮ ਮਾਲਵਿੰਦਰ ਕੌਰ ਡਾਇਰੈਕਟਰ ਸਿਲਵਰ ਓਕਸ ਸਕੂਲ ਐਡਵੋਕੇਟ ਸਰਬੱਤ ਸਿੰਘ ਬਰਾੜ, ਗੁਰਲਾਲ ਸਿੰਘ ਸਰਾਂ, ਪ੍ਰਿੰਸੀਪਲ ਨੀਲਮ ਵਰਮਾ, ਪ੍ਰਿੰਸੀਪਲ ਜਸਵਿੰਦਰ ਸੰਧੂ, ਪ੍ਰਿੰਸੀਪਲ ਜਸਪਾਲ ਸਿੰਘ ਰੋਮਾਣਾ, ਅਨਿਲ ਕੁਮਾਰ, ਸ਼ੁਭਮ ਕੁਮਾਰ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਵਿੱਚੋਂ ਰਮੇਸ਼ ਸੇਠੀ ਬਾਦਲ, ਮਲਕੀਤ ਸਿੰਘ ਮਛਾਣਾ ਅਤੇ ਸਮੂਹ ਨਾਟਿਅਮ ਆਰਟਿਸਟ ਮੌਜੂਦ ਸਨ।

**ਵਡੇਰੀ ਉਮਰ ਵਿੱਚ ਇੱਕਲਤਾ ਦੇ ਦੁਖਾਂਤ ਨੂੰ ਦਰਸਾਉਂਦੀ ਹੈ ਕਹਾਣੀ**

### ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ

# 'ਖੋਜ ਅਤੇ ਵਿਤੀ ਸਹਾਇਤਾ' ਵਿਸ਼ੇ 'ਤੇ ਸੈਮੀਨਾਰ




ਤਲਵੰਡੀ ਸਾਬੋ, 13 ਨਵੰਬਰ (ਗੁਰਜੰਟ ਸਿੰਘ ਨਥੇਹਾ)- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵੱਲੋਂ ਖੋਜਾਰਥੀਆਂ ਨੂੰ ਆਪਣੇ ਖੋਜ ਪ੍ਰੋਜੈਕਟਾਂ ਦੇ ਵਿੱਤੀ ਪ੍ਰਬੰਧਨ ਲਈ "ਖੋਜ ਅਤੇ ਵਿੱਤੀ ਸਹਾਇਤਾ" ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਪ੍ਰੋ. (ਡਾ.) ਐਨ.ਤੇਜੋ ਪ੍ਰਕਾਸ਼, ਸਕੂਲ ਆਫ਼ ਐਨਰਜੀ ਐਂਡ ਐਨਵਾਇਰਨਮੈਂਟ, ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਪਟਿਆਲਾ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਾ. ਪੀਯੂਸ਼ ਵਰਮਾ, ਪ੍ਰੋ ਵਾਈਸ ਚਾਂਸਲਰ ਰਿਸਰਚ ਐਂਡ ਟੈਕਨਾਲੋਜੀ, ਵੱਖ-ਵੱਖ ਵਿਭਾਗਾਂ ਦੇ ਡੀਨ, ਫੈਕਲਟੀ ਮੈਂਬਰ ਤੇ ਖੋਜਾਰਥੀ ਹਾਜ਼ਰ ਹੋਏ। ਡਾ. ਤੇਜੋ ਨੇ ਰਿਸਰਚ ਪ੍ਰਪੋਜ਼ਲ ਲਿੱਖਣ ਦੀ ਵਿਧੀ ਅਤੇ ਬਜਟ ਬਣਾਉਣ ਦੇ ਵਿਸ਼ੇਸ਼ ਨੁਕਤਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵੱਖ-ਵੱਖ ਅੰਤਰ-ਰਾਸ਼ਟਰੀ ਏਜੰਸੀਆਂ ਤੋਂ ਫੰਡਿੰਗ ਹਾਸਲ ਕਰਨ ਲਈ ਜਮਾਂ ਕੀਤੇ ਜਾਣ ਵਾਲੇ ਪ੍ਰੋਜੈਕਟਾਂ ਦੇ ਅਹਿਮ ਨੁਕਤਿਆਂ ਬਾਰੇ ਚਾਨਣਾ ਪਾਇਆ ਅਤੇ ਅੰਤਰ-ਵਿਸ਼ਯਕ ਪ੍ਰੋਜੈਕਟ ਲਿਖਣ ਅਤੇ ਬਾਹਰੀ ਖੋਜ ਸੰਸਥਾਵਾਂ ਨਾਲ ਸਹਿਯੋਗ ਵਧਾਉਣ ਲਈ ਪ੍ਰੇਰਿਤ ਕੀਤਾ। ਡਾ. ਵਰਮਾ ਨੇ ਸੈਮੀਨਾਰ ਨੂੰ ਗਿਆਨਵਰਧਕ ਅਤੇ ਨਵੀਆਂ ਪਹਿਲਕਦਮੀਆਂ ਨੂੰ ਮਜ਼ਬੂਤ ਕਰਨ ਵਾਲਾ ਦੱਸਿਆ। ਉਨ੍ਹਾਂ ਕਿਹਾ ਕਿ ਬਜਟ ਬਣਾਉਣ, ਫੰਡਿੰਗ ਸਾਈਕਲਾਂ ਨੂੰ ਸਮਝਣ ਅਤੇ ਰਿਵੀਉ ਟਿੱਪਣੀਆਂ ਦਾ ਉੱਚਿਤ ਜਵਾਬ ਦੇਣ ਬਾਰੇ ਜਾਣਕਾਰੀ ਦਿੱਤੀ ਗਈ ਹੈ। ਧੰਨਵਾਦੀ ਭਾਸ਼ਣ ਵਿੱਚ ਡਾ. ਹਰਸਿਮਰਨ ਸਿੰਘ ਅਤੇ ਡਾ. ਨਵਦੀਪ ਸਿੰਘ ਨੇ ਸੈਮੀਨਾਰ ਨੂੰ ਰਿਸਰਚ ਈਕੋਸਿਸਟਮ ਨੂੰ ਹੁਲਾਰਾ ਦੇਣ ਵਾਲਾ ਦੱਸਿਆ।


# ਮੀਹਾਂ ਕਾਰਨ ਗਰੀਬਾਂ ਦੇ ਟੁੱਟੇ ਘਰਾਂ ਦਾ ਮੁਆਵਜ਼ਾ ਦੇਵੇ ਸਰਕਾਰ : ਭਾਨ ਸਿੰਘ ਜੱਸੀ

## ਕੰਡਮ ਹੋਈਆਂ ਘਰਾਂ ਦੀਆਂ ਛੱਤਾਂ ਡਿੱਗ ਕੇ ਕਰ ਸਕਦੀਆਂ ਹਨ ਵੱਡਾ ਨੁਕਸਾਨ



**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )**-ਪਿਛਲੇ ਮਹੀਨਿਆਂ ਵਿੱਚ ਪੰਜਾਬ ਵਿੱਚ ਪਏ ਜੋਰਦਾਰ ਮੀਹਾਂ ਕਾਰਨ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਹੈ, ਇਸ ਸੰਕਟਮਈ ਸਮੇਂ ਦੌਰਾਨ ਬਹੁਤ ਸਾਰੇ ਗਰੀਬ ਲੋਕਾਂ ਦੇ ਘਰ ਟੁੱਟ ਗਏ ਜਾਂ ਪੂਰੀ ਤਰ੍ਹਾਂ ਕੰਡਮ ਹੋ ਗਏ ਸਨ, ਮਜਬੂਰੀ ਬਸ ਕਈ ਲੋਕ ਡਿੱਗੂ ਡਿੱਗੂ ਕਰਦੀਆਂ ਮੌਤ ਵਰਗਾ ਸੁਨੇਹਾ ਦਿੰਦੀਆਂ ਛੱਤਾਂ ਥੱਲੇ ਪੈਣ ਲਈ ਮਜਬੂਰ ਹਨ, ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਮਾਜ ਸੇਵੀ ਭਾਨ ਸਿੰਘ ਜੱਸੀ ( ਜੱਸੀ ਪੇਦਨੀ ) ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਸ਼ਬਦਾਂ ਵਿੱਚ ਮੰਗ ਕੀਤੀ ਹੈ ਕਿ ਇਨਾ ਵਕਤਾਂ ਮਾਰੇ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਤੁਰੰਤ ਬਣਦਾ ਮੁਆਵਜ਼ਾ ਦਿੱਤਾ ਜਾਵੇ, ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਕਿਹਾ ਕਿ ਕੁਦਰਤ ਵੱਲੋਂ ਵਰਤਾਏ ਗਏ ਮੀਹਾਂ ਦੇ ਕਹਿਰ ਦੇ ਕਈ ਮਹੀਨਿਆਂ ਬਾਅਦ ਵੀ ਘਰਾਂ ਅਤੇ ਛੱਤਾਂ ਦੇ ਡਿੱਗਣ ਦੇ ਖਤਰਿਆਂ ਕਾਰਨ ਇਹ ਲੋਕ ਦਿਨ ਰਾਤ ਡਰ ਡਰ ਕੇ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਉਨਾਂ ਦਾਨੀ ਸੱਜਣਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਆਪਣੇ ਪਿੰਡਾਂ , ਕਸਵਿਆਂ ਅਤੇ ਸ਼ਹਿਰਾਂ ਵਿੱਚ ਸਰਵੇ ਕਰਦਿਆਂ ਇਹਨਾਂ ਲੋੜਵੰਦ ਲੋਕਾਂ ਦੀ ਮਦਦ ਲਈ ਅੱਗੇ ਆਉਣ ਤਾਂਕਿ ਬਾਬੇ ਨਾਨਕ ਜੀ ਦੇ "ਸਰਬੱਤ ਦੇ ਭਲੇ" ਦੇ ਮਹਾਨ ਸੰਕਲਪ ਨੂੰ ਅਮਲਾਂ ਵਿੱਚ ਲਾਗੂ ਕੀਤਾ ਜਾ ਸਕੇ, ਅੰਤ ਵਿੱਚ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਸ਼ਬਦਾਂ ਵਿੱਚ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਕੁਝ ਮਹੀਨੇ ਪਹਿਲਾਂ ਜ਼ੋਰਦਾਰ ਪਏ ਮੀਹਾਂ ਕਾਰਨ ਘਰਾਂ ਦੇ ਹੋਏ ਨੁਕਸਾਨ ਦਾ ਬਣਦਾ ਮੁਆਵਜਾ ਜਲਦੀ ਦਿੱਤਾ ਜਾਵੇ ਤਾਂ ਕਿ ਇਹ ਗਰੀਬ ਲੋਕ ਸੁੱਖ ਚੈਨ ਨਾਲ ਆਪਣੇ ਘਰ ਵਿੱਚ ਬਿਨਾਂ ਕਿਸੇ ਡਰ ਤੋਂ ਰਹਿ ਸਕਣ।

## ਯਾਦਵਿੰਦਰਾ ਸਾਇੰਸਜ਼ ਵਿਭਾਗ ਵੱਲੋਂ ਨਵੇਂ ਵਿਦਿਆਰਥੀਆਂ ਲਈ ਫਰੈਸ਼ਰ ਪਾਰਟੀ ਦਾ ਆਯੋਜਨ ਅਤੇ ਯੂਨੀਵਰਸਿਟੀ ਪ੍ਰੀਖਿਆਵਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ





**ਤਲਵੰਡੀ ਸਾਬੋ, 13 ਨਵੰਬਰ (ਗੁਰਜੰਟ ਸਿੰਘ ਨਥੇਹਾ)**-ਪੰਜਾਬੀ ਯੂਨੀਵਰਸਿਟੀ ਕੈਂਪਸ ਦਮਦਮਾ ਸਾਹਿਬ ਦੇ ਯਾਦਵਿੰਦਰਾ ਸਾਇੰਸਜ਼ ਵਿਭਾਗ ਵਿਖੇ ਬੀ.ਐੱਸ.ਸੀ. ਭਾਗ ਪਹਿਲਾ ਵਿੱਚ ਦਾਖਲ ਹੋਏ ਨਵੇਂ ਵਿਦਿਆਰਥੀਆਂ ਲਈ ਵਿਭਾਗ ਦੇ ਸੀਨੀਅਰ ਵਿਦਿਆਰਥੀਆਂ ਵੱਲੋਂ ਇੱਕ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ। ਕਲਚਰਲ ਕੋਆਰਡੀਨੇਟਰ ਮੈਡਮ ਅਨੂ ਬਾਲਾ ਸਮੇਤ ਵਿਦਿਆਰਥੀਆਂ ਵੱਲੋਂ ਵਿਭਾਗ ਦੇ ਮੁਖੀ ਡਾ. ਪ੍ਰੀਤੀ ਬਾਂਸਲ ਦਾ ਗੁਲਦਸਤੇ ਨਾਲ ਸਵਾਗਤ ਕਰਨ ਨਾਲ ਇਸ ਪ੍ਰੋਗਰਾਮ ਦਾ ਆਗਾਜ਼ ਹੋਇਆ। ਉਪਰੰਤ ਵਿਭਾਗ ਮੁਖੀ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਅਮਨਦੀਪ ਸਿੰਘ ਨੂੰ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ। ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਵੱਲੋਂ ਨਵੇਂ ਵਿਦਿਆਰਥੀਆਂ ਨੂੰ ਕੈਂਪਸ ਬਾਰੇ ਦੱਸਿਆ ਅਤੇ ਪੜ੍ਹਾਈ ਦੇ ਨਾਲ ਨਾਲ ਕੈਂਪਸ ਵਿੱਚ ਹੋਰ ਗਤਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਭੰਗੜਾ, ਗਿੱਧਾ, ਗਾਇਕੀ, ਭਜਨ, ਸ਼ਾਇਰੀ, ਹਾਸਾ-ਤਮਾਸ਼ਾ ਜਿਹੀਆਂ ਗਤੀਵਿਧੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਪ੍ਰੋਗਰਾਮ ਚ ਰੌਚਿਕ ਭਰਪੂਰ ਰੰਗ ਭਰਿਆ। ਲਗਭਗ 100 ਨਵੇਂ ਆਏ ਵਿਦਿਆਰਥੀਆਂ ਨੇ ਰੈਂਪ-ਵਾਕ ਕੀਤੀ ਅਤੇ ਆਪਣੀ ਖੁਦ ਦੀ ਸਖਸ਼ੀਅਤ ਬਾਰੇ ਦੱਸਿਆ। ਡਾ. ਮਨਜੀਤ ਕਲਸੀ, ਡਾ. ਸਵਿਤਾ ਰਾਣੀ ਅਤੇ ਡਾ. ਵਰਿੰਦਰ ਕੌਰ ਨੇ ਜੱਜ ਦੀ ਭੂਮਿਕਾ ਨਿਭਾਉਂਦੇ ਹੋਏ ਗੁਰਸਿਮਰਨ ਸਿੰਘ ਨੂੰ ਮਿਸਟਰ ਅਤੇ ਪਰਭਵੀਰ ਕੌਰ ਨੂੰ ਮਿਸ ਫਰੈਸ਼ਰ ਚੁਣਿਆ। ਵਿਭਾਗ ਕੁਮਾਰੀ ਮਨੀਸ਼ਾ ਸ਼ਰਮਾ, ਅਕਾਸ਼ ਮੇਹਰਾ ਅਤੇ ਹੋਰ ਵਿਦਿਆਰਥੀਆਂ ਨੇ ਫੈਕਲਟੀ ਪ੍ਰੋਗਰਾਮ ਕੋਆਰਡੀਨੇਟਰ ਨਾਲ ਮਿੱਲ ਕੇ ਪ੍ਰੋਗਰਾਮ ਨੂੰ ਸਫ਼ਲ ਬਣਾਇਆ। ਫੈਕਲਟੀ ਲਈ ਆਯੋਜਤ ਖੇਡ ਵਿੱਚ ਡਾ. ਸ਼ਰੂਤੀ ਸ਼ਰਮਾ ਨੇ ਆਪਣੀ ਸੁਰੀਲੀ ਆਵਾਜ਼ ਦੇ ਦਮ 'ਤੇ ਸੰਗੀਤ 'ਚ ਆਪਣੀ ਰੁਚੀ ਰੱਖਦੇ ਹੋਏ ਬਾਜ਼ੀ ਮਾਰੀ। ਇਸ ਪ੍ਰੋਗਰਾਮ ਦਾ ਲੱਗਭਗ 200 ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ਼ ਨੇ ਆਨੰਦ ਮਾਣਿਆ। ਵਿਭਾਗ ਮੁਖੀ ਡਾ. ਪ੍ਰੀਤੀ ਬਾਂਸਲ ਵੱਲੋਂ ਫਰੈਸ਼ਰ ਪਾਰਟੀ ਦੇ ਆਯੋਜਨ ਲਈ ਸਬੰਧਤ ਅਧਿਆਪਕ ਸਹਿਬਾਨ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਇਸ ਸ਼ਾਨਦਾਰ ਪਾਰਟੀ ਦੀ ਸ਼ਲਾਘਾ ਕੀਤੀ। ਹੋਰਨਾਂ ਤੋਂ ਇਲਾਵਾ ਇਸ ਮੌਕੇ ਡਾ. ਅੰਜੂ ਸੈਣੀ, ਡਾ. ਬਲਜਿੰਦਰ ਕੌਰ, ਡਾ. ਦਿਵਿਆ ਤਨੇਜਾ, ਡਾ ਸੰਜੀਵ ਕੁਮਾਰ, ਡਾ. ਲੇਖਰਾਜ, ਡਾ. ਤਰੁਣ ਗਰਗ, ਮੈਡਮ ਸਾਰਿਕਾ ਮਿੱਤਲ, ਮੈਡਮ ਮੀਨਾਕਸ਼ੀ ਸਿੰਗਲਾ, ਮੈਡਮ ਰਜਨੀ ਹਾਜ਼ਰ ਰਹੇ। ਇਸ ਮੌਕੇ ਮੁੱਖ ਮਹਿਮਾਨ ਅਤੇ ਵਿਭਾਗ ਮੁਖੀ ਵੱਲੋਂ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਆਪਣੀ ਕਲਾਸ ਦੀ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਥੀਆਂ ਦਾ ਵੀ ਸਨਮਾਨ ਕੀਤਾ ਗਿਆ। ਵਰਨਣਯੋਗ ਹੈ ਕਿ ਵਿਭਾਗ ਦੀ ਵਿਦਿਆਰਥਣ ਯਸ਼ਿਕਾ ਨੇ 9.63 ਸੀ ਜੀ ਪੀ ਏ ਹਾਸਲ ਕਰਨ ਦਾ ਮਾਣ ਪ੍ਰਾਪਤ ਕੀਤਾ।

### ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਤੇ 95 ਲੱਖ ਦੀ ਲਾਗਤ ਨਾਲ

# ਮਹਾਰਾਜਾ ਰਣਜੀਤ ਸਿੰਘ ਦੀ ਯਾਦਗਾਰ ਬਣਾਉਣ ਦਾ ਕੰਮ ਸ਼ੁਰੂ






**ਚੌਕ ਮਹਿਤਾ,13 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਅੰਮ੍ਰਿਤਸਰ ਦੇ ਕੰਪਨੀ ਬਾਗ ਵਿੱਚ ਸਿੱਖ ਕੌਮ ਦੇ ਮਹਾਨ ਯੋਧੇ ਜਰਨੈਲ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਦਿਨ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਕਾਲ ਸੇਵਾ ਫਾਊਂਡੇਸ਼ਨ ਦੇ ਸਮੂਹ ਮੈਂਬਰਾਂ ਵੱਲੋਂ ਮਨਾਇਆ ਗਿਆ ਤੇ ਇਸ ਮੌਕੇ ਤੇ ਗੱਲਬਾਤ ਕਰਦੇ ਹੋਏ ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਦੱਸਿਆ ਕੀ ਯਾਦਗਾਰ ਦੇ ਆਲੇ ਦੁਆਲੇ ਦੇ ਹਾਲਾਤ ਦਿਨੋ ਦਿਨ ਬੱਤਰ ਹੁੰਦੇ ਜਾ ਰਹੇ ਸੀ ਤੇ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਸੀ ਤੇ ਚਿੱਠੀਆਂ ਲਿਖ ਕੇ ਮੰਗ ਕਰ ਰਹੇ ਸੀ ਕੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਬੁੱਤ ਕਿਸੇ ਵਕਤ ਵੀ ਡਿੱਗ ਸਕਦਾ ਹੈ ਇਸ ਦੀ ਮਰੰਮਤ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕੀਤਾ ਜਾਵੇ ਤੇ 2024 ਵਿੱਚ ਅੰਮ੍ਰਿਤਸਰ ਦੇ ਡੀਸੀ ਤੇ ਕਾਰਪੋਰੇਸ਼ਨ ਦੇ ਕਮਿਸ਼ਨਰ ਤੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਅਕਾਲ ਸੇਵਾ ਫਾਊਂਡੇਸ਼ਨ ਦੇ ਮੈਂਬਰ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੂੰ ਭਰੋਸਾ ਦਵਾਇਆ ਸੀ ਤੇ ਸਮਾਰਟ ਸਿਟੀ ਤਹਿਤ ਇਕ ਕਰੋੜ ਰੁਪਏ ਦਾ ਯਾਦਗਾਰ ਨੂੰ ਬਣਾਉਣ ਲਈ ਪ੍ਰੋਜੈਕਟ ਬਣਾਇਆ ਸੀ ਜਿਸ ਦੇ ਕਈ ਵਾਰੀ ਫੀਤੇ ਵੱਜੇ ਤੇ ਕੰਮ ਰਹਿ ਗਿਆ ਤੇ ਹੁਣ ਇਹ ਮਰਮਤ ਦਾ ਕੰਮ ਪੂਰੀ ਤੇਜ਼ੀ ਨਾਲ ਸ਼ੁਰੂ ਹੋ ਚੁੱਕਾ ਹੈ ਤੇ 95 ਲੱਖ ਤੋਂ 75 ਲੱਖ ਤੱਕ ਦਾ ਟੋਟਲ ਪੈਸਾ ਲਗਾ ਕੇ ਇਸਦੀ ਮੁਰੰਮਤ ਕੀਤੀ ਜਾਵੇਗੀ ਤੇ ਆਲੇ ਦੁਆਲੇ ਸਾਰੀ ਇਮਾਰਤ ਨਵੀਂ ਬਣੇਗੀ ਤੇ ਇਸ ਜਗਹਾ ਤੇ 15 ਤੋਂ 16 ਵਾਰੀ ਸੋਨੂ ਜੰਡਿਆਲਾ ਨੇ ਅੰਮ੍ਰਿਤਸਰ ਦੇ ਐਮਪੀ ਗੁਰਜੀਤ ਸਿੰਘ ਔਜਲਾ ਨੂੰ ਲਿਆ ਕੇ ਮੌਕਾ ਵਿਖਾਇਆ ਤੇ ਅੱਜ ਜਦੋਂ ਕੰਮ ਸ਼ੁਰੂ ਹੋ ਗਿਆ ਤੇ ਉਹਨਾਂ ਦਾ ਧੰਨਵਾਦ ਕੀਤਾ ਤੇ ਐਮਪੀ ਔਜਲਾ ਨੇ ਕਿਹਾ ਕਿ ਹੋਰ ਵੀ ਕਿਸੇ ਚੀਜ਼ ਦੀ ਜਰੂਰਤ ਹੋਊਗੀ ਤੇ ਐਮਪੀ ਫੰਡ ਤੇ ਸਮਾਰਟ ਸਿਟੀ ਪ੍ਰੋਜੈਕਟ ਵਿੱਚੋਂ ਉਹ ਮਦਦ ਕਰਨਗੇ ਕਿਸੇ ਚੀਜ਼ ਦੀ ਕੋਈ ਕਮੀ ਨਹੀਂ ਆਉਣ ਦੇਣਗੇ ਅੱਜ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਦਿਨ ਅੰਮ੍ਰਿਤਸਰ ਦੇ ਕੰਪਨੀ ਬਾਗ ਵਿੱਚ ਜੈਕਾਰਿਆਂ ਦੀ ਗੂੰਝ ਵਿੱਚ ਅਕਾਲ ਸੇਵਾ ਫਾਊਂਡੇਸ਼ਨ ਦੇ ਸਮੂਹ ਮੈਂਬਰਾਂ ਵੱਲੋਂ ਮਨਾਇਆ ਗਿਆ ਤੇ ਗੱਲਬਾਤ ਕਰਦੇ ਹੋਏ ਸੋਨੂ ਜੰਡਿਆਲਾ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਗਲਿਆਰੇ ਵਿੱਚ ਤੇ ਕੰਪਨੀ ਬਾਗ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਸਰਦਾਰ ਹਰੀ ਸਿੰਘ ਨਲੂਆ ਸਰਦਾਰ ਸ਼ਾਮ ਸਿੰਘ ਅਟਾਰੀ ਜਥੇਦਾਰ ਅਕਾਲੀ ਫੂਲਾ ਸਿੰਘ ਜਨਰਲ ਹਰਬੰਸ ਸਿੰਘ ਜਨਰਲ ਜਗਜੀਤ ਸਿੰਘ ਰੋੜਾ ਜੀ ਦੀਆਂ ਯਾਦਗਾਰਾਂ ਬਣਾਈਆਂ ਜਾਣ ਤੇ ਗਲਿਆਰੇ ਤੇ ਕੰਪਨੀ ਬਾਗ ਵਿੱਚ ਇਹਨਾਂ ਤੇ ਬੁੱਤ ਲਗਾ ਕੇ ਨੌਜਵਾਨਾਂ ਨੂੰ ਇਹਨਾਂ ਦੇ ਇਤਿਹਾਸ ਤੋਂ ਪ੍ਰਭਾਵਿਤ ਕੀਤਾ ਜਾਵੇ ਇਹ ਮੰਗ ਪਹਿਲਾਂ ਵੀ ਬਹੁਤ ਵਾਰ ਕੀਤੀ ਹੈ ਤੇ ਹੁਣ ਤੱਕ ਬਹੁਤ ਸਾਰੀਆਂ ਚਿੱਠੀਆਂ ਸਰਕਾਰ ਤੇ ਪ੍ਰਸ਼ਾਸਨ ਨੂੰ ਲਿਖ ਚੁੱਕੇ ਹਾਂਸ ਕਰਦੇ ਹਾਂ ਕੀ ਇਹ ਕੰਮ ਵੀ ਜਲਦ ਤੋਂ ਜਲਦ ਸ਼ੁਰੂ ਹੋ ਜਾਵੇਗਾ।ਤੇ ਸਮੁੱਚੇ ਪ੍ਰਸ਼ਾਸਨ ਦਾ ਤੇ ਐਮਪੀ ਔਜਲਾ ਦਾ ਅਕਾਲ ਸੇਵਾ ਫਾਊਂਡੇਸ਼ਨ ਦੇ ਪ੍ਰਧਾਨ ਹਰਪਾਲ ਸਿੰਘ ਰੰਧਾਵਾ ਨੇ ਤੇ ਸਮੂਹ ਮੈਂਬਰਾਂ ਨੇ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਇਸ ਮੌਕੇ ਤੇ ਹਾਜ਼ਰ ਸਰਬਜੀਤ ਸਿੰਘ ਜੋਬਨਜੀਤ ਸਿੰਘ ਰਾਹਿਲ ਕੁਮਾਰ ਸਿਮਰਦੀਪ ਸਿੰਘ ਦਮਨਦੀਪ ਸਿੰਘ ਗੁਰਪ੍ਰੀਤ ਸਿੰਘ ਸਾਬਕਾ ਕੈਪਟਨ ਰਣਜੀਤ ਸਿੰਘ ਦਿਲਬਾਗ ਸਿੰਘ ਸਕੱਤਰ ਸਿੰਘ ਬਲਦੇਵ ਸਿੰਘ ਜਸਪਾਲ ਸਿੰਘ ਆਦੀ ਹਾਜ਼ਰ ਸਨ।

### ਗੁਰੂ ਕਾਸ਼ੀ ਸਾਹਿਤ ਅਕਾਦਮੀ ਦਾ ਸਲਾਨਾ ਸਮਾਗਮ ਯਾਦਗਾਰ ਹੋ ਨਿੱਬੜਿਆ

# ਪੰਜ ਮਹਾਨ ਸਖਸ਼ੀਅਤਾਂ ਨੂੰ ਕੀਤਾ ਗਿਆ ਸਨਮਾਨਿਤ

**ਤਲਵੰਡੀ ਸਾਬੋ, 13 ਨਵੰਬਰ (ਗੁਰਜੰਟ ਸਿੰਘ ਨਥੇਹਾ)**- ਤਲਵੰਡੀ ਸਾਬੋ: ਬੀਤੇ ਦਿਨੀਂ ਮਿਤੀ 11 ਨਵੰਬਰ ਨੂੰ ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਰਜਿ.ਪੰਜਾਬ ਦਾ ਸਲਾਨਾ ਸਮਾਗਮ ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਹੋਇਆ। ਜਿਸ ਵਿੱਚ ਮੁੱਖ ਮਹਿਮਾਨ ਪ੍ਰੋ. (ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰੋ. (ਡਾ.) ਜਗਤਾਰ ਸਿੰਘ ਧੀਮਾਨ ਰਜਿਸਟਰਾਰ ਤੇ ਪ੍ਰੋ. ਵਾਈਸ ਚਾਂਸਲਰ ਗੁਰੂ ਕਾਸ਼ੀ ਯੂਨੀਵਰਸਿਟੀ, ਸ.ਸਰਦੂਲ ਸਿੰਘ ਤੇ ਪ੍ਰੋ. ਹਰਜਸਪਾਲ ਸਿੰਘ ਕੈਂਪਸ ਡਾਇਰੈਕਟਰ ਸ਼ਾਮਿਲ ਹੋਏ। ਡਾ. ਜਗਤਾਰ ਸਿੰਘ ਧੀਮਾਨ ਨੇ ਕਿਹਾ ਕਿ ਅਕਾਦਮੀ ਆਪਣੇ ਸਮਾਗਮ ਜਦੋਂ ਵੀ ਕਰੇ ਯੂਨੀਵਰਸਿਟੀ ਵਿਖੇ ਕਰੇ ਤੇ ਸਾਡਾ ਪੂਰਾ ਪੂਰਾ ਸਹਿਯੋਗ ਰਹੇਗਾ ਤੇ ਅਸੀਂ ਹਮੇਸ਼ਾ ਅਕਾਦਮੀ ਦੇ ਨਾਲ ਹਾਂ। ਪ੍ਰੋ. (ਡਾ.) ਗੁਰਜੀਤ ਸਿੰਘ ਨੇ ਅਤੇ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਅਸੀਂ ਅੱਜ ਸਾਹਿਤ ਅਕਾਦਮੀ ਵੱਲੋਂ ਪੰਜਾਬ ਦੇ ਉੱਚ ਕੋਟੀ ਦੇ ਪ੍ਰਸਿੱਧ ਸਾਹਿਤਕਾਰ ਸਨਮਾਨਿਤ ਕਰ ਰਹੇ ਹਾਂ। ਪ੍ਰੋ. ਬ੍ਰਹਮ ਜਗਦੀਸ਼ ਸਿੰਘ (ਗਿਆਨੀ ਬਲਵੰਤ ਸਿੰਘ ਕੋਠਾਗੁਰੂ ਯਾਦਗਾਰੀ ਅਵਾਰਡ+ਰਾਸ਼ੀ), ਡਾ.ਸਵਰਾਜ ਸਿੰਘ (ਪ੍ਰੋ.ਗੁਰਬਚਨ ਸਿੰਘ ਨਰੂਆਣਾ ਯਾਦਗਾਰੀ ਅਵਾਰਡ+ਰਾਸ਼ੀ), ਸੁਲੱਖਣ ਸਰਹੱਦੀ (ਜਨਾਬ ਦੀਪਕ ਜੈਤੋਈ ਯਾਦਗਾਰੀ ਅਵਾਰਡ+ਰਾਸ਼ੀ) ਆਦਿ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਦੋ ਸਖਸ਼ੀਅਤਾਂ ਜੋ ਨਾ ਟਾਲਣ ਯੋਗ ਰੁਝੇਵੇਂ ਕਾਰਣ ਪਹੁੰਚ ਨਹੀਂ ਸਕੀਆਂ। ਨਿੰਦਰ ਘੁਗਿਆਣਵੀ (ਗੁਰਬਖਸ਼ ਸਿੰਘ ਪ੍ਰੀਤਲੜੀ ਯਾਦਗਾਰੀ ਅਵਾਰਡ+ਰਾਸ਼ੀ) ਤੇ ਬਲਦੇਵ ਸਿੰਘ ਸੜਕਨਾਮਾ (ਨਾਨਕ ਸਿੰਘ ਨਾਵਲਕਾਰ ਯਾਦਗਾਰੀ ਅਵਾਰਡ+ਰਾਸ਼ੀ) ਨਾਲ ਸਨਮਾਨਿਤ ਕੀਤਾ ਗਿਆ। ਇਹਨਾਂ ਦੋਨਾਂ ਸਖਸ਼ੀਅਤਾਂ ਦੇ ਸਨਮਾਨ ਅਤੇ ਰਾਸ਼ੀ ਮਾ.ਹਰਿੰਦਰ ਸਿੰਘ ਭੁੱਲਰ ਅਤੇ ਨਿਰਮਲ ਸਿੰਘ ਵਿਗਿਆਨੀ ਦੋਵਾਂ ਸਖਸ਼ੀਅਤਾਂ ਨੂੰ ਸਪੁਰਦ ਕੀਤੇ ਗਏ। ਚੇਅਰਮੈਨ ਦਰਸ਼ਨ ਸਿੰਘ ਪ੍ਰੀਤੀਮਾਨ ਅਤੇ ਸੰਸਥਾਪਕ ਪ੍ਰਧਾਨ ਹਰਗੋਬਿੰਦ ਸਿੰਘ ਸ਼ੇਖਪੁਰੀਆ ਨੇ ਵੀ ਕੁੱਜੇ 'ਚ ਸਮੁੰਦਰ ਬੰਦ ਕਰਕੇ ਸਾਹਿਤ ਅਕਾਦਮੀ ਬਾਰੇ ਜਾਣ ਪਛਾਣ ਕਰਵਾਈ। ਡਾ. ਗੁਰਪ੍ਰੀਤ ਕੌਰ, ਡਾ. ਅਮਨਦੀਪ ਕੌਰ, ਡਾ. ਸੰਦੀਪ ਸਿੰਘ, ਡਾ. ਸੁਖਮਨ ਅਤੇ ਡਾ. ਰਮਨਦੀਪ ਕੌਰ ਪੰਜਾਬੀ ਵਿਭਾਗ ਗੁਰੂ ਕਾਸ਼ੀ ਯੂਨੀਵਰਸਿਟੀ ਆਦਿ ਸਖਸ਼ੀਅਤਾਂ ਨੇ ਸਨਮਾਨਿਤ ਹੋਈਆਂ ਪੰਜ ਮਹਾਨ ਸਖਸ਼ੀਅਤਾਂ ਉੱਪਰ ਪਰਚਾ ਪੜ੍ਹ ਉਹਨਾਂ ਸਖਸ਼ੀਅਤਾਂ ਨਾਲ ਰੂ-ਬ-ਰੂ ਕਰਵਾਇਆ। ਸਮਾਗਮ ਦੌਰਾਨ ਅਕਾਦਮੀ ਦੇ ਮਾਣਯੋਗ ਮੋਢੀ ਮੈਂਬਰ ਸਿਕੰਦਰ ਮਾਨਵ ਦੀ ਪਲੇਠੀ ਪੁਸਤਕ "ਤਪਦੇ ਰਸਤੇ ਬਲਦੀਆਂ ਛਾਵਾਂ" ਲੋਕ ਅਰਪਣ ਕੀਤੀ ਗਈ, ਜਿਸ ਉੱਪਰ ਸਹਾਇਕ ਪ੍ਰੋਫੈਸਰ ਜਗਮੀਤ ਹਰਫ਼ ਐਮ ਆਰ ਸਰਕਾਰੀ ਕਾਲਜ ਫਾਜਿਲਕਾ ਨੇ ਪਰਚਾ ਪੜ੍ਹਿਆ। ਇਸ ਦੇ ਨਾਲ ਤਿੰਨ ਹੋਰ ਪੁਸਤਕਾਂ ਡਾਲਰ ਦੀ ਕੀਮਤ, ਮਰਦਾ ਮਰਦਾ ਬਚਿਆ ਮੈਂ ਅਤੇ ਉਹ ਪਹਿਲੀ ਮੁਹੱਬਤ ਲੋਕ ਅਰਪਣ ਕੀਤੀਆਂ ਗਈਆਂ। ਸਮਾਗਮ ਦੌਰਾਨ ਹਾਜ਼ਰ ਕਵੀਆਂ ਨੇ ਆਪਣੀ ਰਚਨਾ ਪੜ੍ਹ ਸਮਾਗਮ ਦੀ ਰੌਣਕ ਨੂੰ ਚਾਰ ਚੰਨ ਲਗਾਏ ਜਿਸ ਵਿੱਚ ਪ੍ਰੋ. ਬੀਰ ਇੰਦਰ ਸਰਾਂ, ਕੁਲਦੀਪ ਦੀਪ, ਰਿੱਕੀ ਮਾਨਸਾ, ਮਰਜਾਣਾ ਸ਼ਾਇਰ, ਮਾਹੀ ਸਿੱਧੂ, ਸ਼ਿਵਨਾਥ ਦਰਦੀ, ਪਰਮ ਬਠਿੰਡਾ, ਸੰਦੀਪ ਸੋਖਲ, ਬਲਕਾਰ ਸਿੰਘ ਭਾਈਰੂਪਾ, ਵਤਨਵੀਰ ਜਖਮੀ, ਗੁਰਤੇਜ ਸਿੰਘ ਮੱਖਣ, ਸਰਵਰਿੰਦਰ ਸਿੰਘ ਬੇਦੀ, ਜਸਕਰਨ ਮੱਤਾ, ਜਸਵੀਰ ਸਿੱਧੂ ਆਦਿ ਸ਼ਾਮਲ ਹੋਏ। ਮਾ. ਰੇਵਤੀ ਪ੍ਰਸ਼ਾਦ ਪ੍ਰਧਾਨ ਕਵੀਸ਼ਰੀ ਵਿਕਾਸ ਮੰਚ, ਦਰਸ਼ਨ ਸਿੰਘ ਭੰਮੇ, ਦਰਸ਼ਨ ਸਿੰਘ ਚੱਠਾ ਪ੍ਰਧਾਨ ਗੁਰੂ ਕਾਸ਼ੀ ਸਾਹਿਤ ਸਭਾ ਤਲਵੰਡੀ ਸਾਬੋ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਪ੍ਰੋਗਰਾਮ ਕੋਆਰਡੀਨੇਟਰ ਗਗਨ ਫੂਲ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ। ਸਮਾਗਮ ਦੌਰਾਨ ਕਾਰਜਕਾਰਨੀ ਕਮੇਟੀ ਮੈਂਬਰ ਪ੍ਰੀਤ ਕੈਂਥ ਵਿੱਤ ਸਕੱਤਰ, ਕੰਵਰਜੀਤ ਸਿੰਘ ਜਨਰਲ ਸਕੱਤਰ, ਸੁਖਰਾਜ ਸਿੰਘ ਸਕੱਤਰ, ਭੁਪਿੰਦਰ ਸਿੰਘ ਪੰਨੀਵਾਲੀਆ ਐਡੀਟਰ ਤੇ ਪ੍ਰੈੱਸ ਸਕੱਤਰ, ਮਾ. ਸੁਰਿੰਦਰਪਾਲ ਸਿੰਘ ਸਾਥੀ ਮੀਤ ਪ੍ਰਧਾਨ ਹਰਿਆਣਾ, ਜਸ ਬਠਿੰਡਾ ਮੀਤ ਪ੍ਰਧਾਨ, ਨਿਰਮਲ ਸਿੰਘ ਵਿਗਿਆਨੀ ਸੀਨੀ. ਮੀਤ ਪ੍ਰਧਾਨ ਆਦਿ ਹਾਜਰ ਹੋਏ। ਅੰਤ ਵਿੱਚ ਸਰਪ੍ਰਸਤ ਗਿਆਨੀ ਕੌਰ ਸਿੰਘ ਕੋਠਾਗੁਰੂ ਨੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ, ਕਵੀਆਂ, ਸ਼ਾਇਰਾਂ ਤੇ ਲੇਖਕਾਂ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਪੰਜ ਮਹਾਨ ਸਨਮਾਨਿਤ ਸਖਸ਼ੀਅਤਾਂ ਨੂੰ ਮੁਬਾਰਕਬਾਦ ਦਿੱਤੀ।



# ਐਸ.ਬੀ.ਐਸ. ਪਬਲਿਕ ਸਕੂਲ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ




ਫ਼ਿਰੋਜ਼ਪੁਰ, 13 ਨਵੰਬਰ (ਮਨੋਹਰ ਲਾਲ) :— ਇਲਾਕੇ ਦੀ ਨਾਮਵਰ ਸੰਸਥਾ ਐਸ.ਬੀ.ਐਸ ਪਬਲਿਕ ਸਕੂਲ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿੱਚ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਹੋਈ, ਇਸ ਤੋਂ ਬਾਅਦ ਸਕੂਲ ਦੇ ਵਿਦਿਆਰਥੀ ਦਿਲਰਾਜ ਸਿੰਘ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸੁੰਦਰ ਕਵਿਤਾ ਸੁੰਦਰ ਕਵਿਤਾ ਪੇਸ਼ ਕੀਤੀ, ਗੁਰਕੀਰਤ ਕੌਰ ਅਤੇ ਉਸ ਦੀਆਂ ਸਾਥਣਾਂ ਵੱਲੋਂ ਹਿੰਦ ਦੀ ਚਾਦਰ ਵਾਰ, ਸਿਰਜੈਬੀਰ ਅਤੇ ਸਾਥੀਆਂ ਵੱਲੋਂ ਜਿੰਦ ਆਪਣੇ ਧਰਮ ਤੋਂ ਵਾਰੀ ਕਵਿਤਾ, ਗੁਰਸੀਰਤ ਕੌਰ ਵੱਲੋਂ ਸੁੰਦਰ ਕਵਿਤਾ, ਐਸ.ਬੀ.ਐਸ ਫੁਲਵਾੜੀ ਦੇ ਫੁੱਲ ਵੱਲੋਂ ਮੂਲ ਮੰਤਰ ਦਾ ਪਾਠ, ਵਿਦਿਆਰਥਣ ਰਮਨਪ੍ਰੀਤ ਕੌਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਉਪਰ ਸੰਖੇਪ ਝਾਤ, ਸੁਖਪ੍ਰੀਤ ਕੌਰ ਅਤੇ ਸਾਥਣਾਂ ਵੱਲੋਂ ਕਵੀਸ਼ਰੀ, ਮਨਮੀਤ ਸਿੰਘ ਵੱਲੋਂ ਰੂਹਾਨੀ ਸ਼ਬਦ ਦਰਸ਼ਨ ਮਾਗਉ ਦੇਹਿ ਪਿਆਰੇ, ਮਨਕੀਰਤ ਕੌਰ ਵੱਲੋਂ ਤੇਗ ਬਹਾਦਰ ਸਿਮਰੀਐ ਕਰ ਨਉ ਨਿਧਿ ਆਵੈ ਤਾਇ, ਤੁਮ ਕਰਹੁ ਦਇਆ ਮੇਰੇ ਸਾਂਈ ਮੇਰੇ ਸਾਈ, ਸਲੋਕ ਮਹਲਾ ਨੌਵਾਂ ਧੰਨ—ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਗਾਇਨ ਕਰਕੇ ਸੰਗਤਾਂ ਨੂੰ ਰੂਹਾਨੀਅਤ ਨਾਲ ਜੋੜ ਦਿੱਤਾ। ਸਕੂਲ ਦੀ ਹਰਮਨ ਪਿਆਰੀ ਵਿਦਿਆਰਥਣ ਏਕਮ ਸ਼ਰਮਾ ਵੱਲੋਂ ਜਿਉ ਤੌਂ ਪ੍ਰੇਮ ਖੇਲਣ ਕਾ ਚਾਉ, ਲੈਨਿ ਜੋ ਤੇਰਾ ਨਾਉ ਤਿਨਾ ਕੇ, ਧਰਮ ਹੇਤ ਸਾਕਾ ਜਿਨ ਕੀਆ ਸ਼ਬਦ ਗਾਇਨ ਕਰਨ ਤੇ ਸਾਰਾ ਭੰਡਾਰ ਜੈਕਾਰਿਆ ਨਾਲ ਗੂੰਜ ਉੱਠਿਆ।

ਐਸ.ਬੀ.ਐਸ ਪਬਲਿਕ ਸਕੂਲ ਦੇ ਫਾਊਂਡੇਸ਼ਨ ਦਿਹਾੜੇ ਨੂੰ ਮੁੱਖ ਰੱਖਦਿਆਂ ਸਕੂਲ ਪ੍ਰਬੰਧਕਾਂ ਵੱਲੋਂ ਸਕੂਲ ਦਾ ਨਾਮ ਬਦਲ ਕੇ ਜੀ.ਜੀ.ਐਸ ਇੰਟਰਨੈਸ਼ਨਲ ਸਕੂਲ ਦਾ ਲੋਗੋ ਜਾਰੀ ਕੀਤਾ। ਇਸ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਜੋਨਲ ਸਕੱਤਰ ਗੁਰਭੇਜ ਸਿੰਘ, ਸਕੱਤਰ ਇੰਦਰਪਾਲ ਸਿੰਘ, ਅਤੇ ਸੀਨੀਅਰ ਅਕਾਲੀ ਮੈਂਬਰ ਦਿਲਬਾਗ ਸਿੰਘ ਵਿਰਕ, ਜੀ.ਜੀ.ਐਸ ਗਰੁੱਪ ਆਫ ਸਕੂਲਜ਼ ਦੇ ਪ੍ਰਬੰਧਕ ਮਨਜੀਤ ਸਿੰਘ ਵਿਰਕ ਅਤੇ ਇੰਦਰਜੀਤ ਸਿੰਘ ਵਿਰਕ, ਸੰਸਥਾਪਕ ਮਹਿੰਦਰ ਸਿੰਘ, ਪ੍ਰਿੰਸੀਪਲ ਪਿੰਕੀ ਨਰੂਲਾ ਨੇ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਉਪਦੇਸ਼ ਅਤੇ ਸ਼ਹੀਦੀ ਬਾਰੇ ਪ੍ਰੇਰਨਾਦਾਇਕ ਜਾਣਕਾਰੀ ਦਿੱਤੀ। ਸਮਾਗਮ ਨੇ ਸਭ ਨੂੰ ਸੱਚ, ਹਿੰਮਤ ਅਤੇ ਇਨਸਾਨੀਅਤ ਦੇ ਰਾਹ 'ਤੇ ਤੁਰਨ ਲਈ ਪ੍ਰੇਰਿਤ ਕੀਤਾ।

# ਜੁਗਰਾਜ ਸਿੰਘ ਕਟੋਰਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਦੇ ਪੋਤਰੇ ਕਾਕਾ ਅਰਜਨ ਸਿੰਘ ਦੇ ਜਨਮ ਦੀ ਖੁਸ਼ੀ ਵਿਚ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ

### ਭਾਰੀ ਗਿਣਤੀ ਵਿਚ ਸੰਗਤਾਂ ਨੇ ਭਰੀ ਹਾਜ਼ਰੀ—ਸਮੂਹ ਭਾਜਪਾ ਲੀਡਰਸ਼ਿਪ ਨੇ ਕੀਤੀ ਸ਼ਿਰਕਤ

**ਫ਼ਿਰੋਜ਼ਪੁਰ, 13 ਨਵੰਬਰ (ਮਨੋਹਰ ਲਾਲ)** :— ਸ: ਜੁਗਰਾਜ ਸਿੰਘ ਕਟੋਰਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਅਤੇ ਸੀਨੀਅਰ ਆਗੂ ਬੀ.ਜੇ.ਪੀ ਦੇ ਪੋਤਰੇ ਕਾਕਾ ਅਰਜਨ ਸਿੰਘ ਪੁੱਤਰ ਸ: ਗੁਰਵਿੰਦਰ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਤੋਂ ਇਲਾਵਾ ਸਮੁੱਚੀ ਲੀਡਰਸ਼ਿਪ ਬੀ.ਜੇ.ਪੀ ਤੋਂ ਇਲਾਵਾ ਧਾਰਮਿਕ ਸਖਸ਼ੀਅਤਾਂ ਰਾਜਨੀਤਕ ਸਖਸ਼ੀਅਤਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਪਾਠੀ ਸਿੰਘਾਂ ਭਾਈ ਦਲੇਰ ਸਿੰਘ, ਜਥੇਦਾਰ ਅਸਮਾਨ ਵਾਲਾ, ਭਾਈ ਬਿੱਕਰ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਕਟੋਰਾ, ਸੁਖਰਾਜ ਸਿੰਘ ਬੰਬੂ, ਭਾਈ ਵਰਿਆਮ ਸਿੰਘ ਗ੍ਰੰਥੀ ਕਟੋਰਾ, ਭਾਈ ਪੰਜਾਬ ਸਿੰਘ ਗ੍ਰੰਥੀ, ਭਾਈ ਬਲਦੇਵ ਸਿੰਘ, ਭਾਈ ਬਲਕਾਰ ਸਿੰਘ, ਭਾਈ ਗੁਰਨਾਮ ਸਿੰਘ ਨੇ ਤਿੰਨ ਦਿਨ ਸੇਵਾ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ ਤੇ ਬੀ.ਜੇ.ਪੀ ਲੀਡਰਾਂ ਵਿਚ ਹੀਰਾ ਸਿੰਘ ਸਪੁੱਤਰ ਗੁਰਮੀਤ ਸਿੰਘ ਸੋਢੀ, ਦਵਿੰਦਰ ਬਜਾਜ ਸੀਨੀਅਰ ਲੀਡਰ ਭਾਜਪਾ, ਅਸ਼ਵਨੀ ਗਰੋਵਰ ਸਾਬਕਾ ਪ੍ਰਧਾਨ ਨਗਰ ਕੌਂਸਲ ਫ਼ਿਰੋਜ਼ਪੁਰ ਸ਼ਹਿਰ, ਸੁਰਜੀਤ ਸਿੰਘ ਸਦਰਦੀਨ, ਬਲਵੰਤ ਸਿੰਘ ਰੱਖੜੀ, ਬੌਬੀ ਬਾਠ ਜ਼ਿਲ੍ਹਾ ਪ੍ਰਧਾਨ, ਰਜੇਸ਼ ਨੰਦੀ ਐਮ.ਸੀ, ਗੁਰਪ੍ਰੀਤ ਸਿੰਘ, ਦਵਿੰਦਰ ਸਿੰਘ ਜੰਗ, ਬਿਕਰਮ ਚੀਮਾ ਵਾਈਸ ਪ੍ਰਧਾਨ ਪੰਜਾਬ, ਗੁਰਜੀਤ ਸਿੰਘ ਆਰਿਫਕੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਹੋਏ। ਇਸ ਮੌਕੇ ਤੇ ਸ: ਜੁਗਰਾਜ ਸਿੰਘ ਕਟੋਰਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਫ਼ਿਰੋਜ਼ਪੁਰ ਸ਼ਹਿਰ ਨੇ ਸਮੂਹ ਆਏ ਹੋਏ ਲੀਡਰਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਮੇਰੇ ਨਿਕੇ ਜਿਹੇ ਸੁਨੇਹੇ ਤੇ ਤੁਸੀਂ ਮੇਰੇ ਨਿਵਾਸ ਤੇ ਆਏ ਹੋ ਮੈਂ ਸਮੂਹ ਲੀਡਰਸ਼ਿਪ ਦਾ ਧੰਨਵਾਦ ਕਰਦਾ ਹਾਂ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।





ਸ੍ਰੀ ਆਨੰਦਪੁਰ ਸਾਹਿਬ ਤੋਂ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

# 'ਧਰਮ ਰੱਖਿਅਕ ਯਾਤਰਾ' ਨਗਰ ਕੀਰਤਨ ਦੇ ਰੂਪ 'ਚ ਆਰੰਭ






ਨਵੀਂ ਦਿੱਲੀ, 13 ਨਵੰਬਰ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਨਾਲ ਸ਼ਹੀਦ ਹੋਏ ਮਹਾਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ "ਧਰਮ ਰੱਖਿਅਕ ਯਾਤਰਾ" ਨਗਰ ਕੀਰਤਨ ਦੇ ਰੂਪ ਵਿੱਚ ਗੁਰਦੁਆਰਾ ਗੁਰੂ ਕੇ ਮਹਿਲ , ਸ੍ਰੀ ਆਨੰਦਪੁਰ ਸਾਹਿਬ ਤੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪੂਰੀ ਸ਼ਾਨੋ ਸ਼ੌਕਤ ਨਾਲ ਆਰੰਭ ਹੋਈ ।ਇਹ ਯਾਤਰਾ ਅੱਜ 13 ਨਵੰਬਰ ਦੀ ਦੇਰ ਸ਼ਾਮ ਨੂੰ ਅੰਬਾਲਾ ਵਿਖੇ ਪਹੁੰਚੇਗੀ ਜਿਥੇ ਵਿਸ਼ਰਾਮ ਹੋਵੇਗਾ। ਇਸ ਉਪਰੰਤ ਯਾਤਰਾ ਸਵੇਰੇ 14 ਨਵੰਬਰ ਨੂੰ ਅੰਬਾਲਾ ਤੋਂ ਸ਼ੁਰੂ ਹੋ ਕੇ ਸ਼ਾਮ ਨੂੰ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਪਹੁੰਚੇਗੀ। ਇਥੇ 15 ਨਵੰਬਰ ਦੇ ਠਹਿਰਾਅ ਤੋਂ ਬਾਅਦ 16 ਨਵੰਬਰ ਨੂੰ ਯਾਤਰਾ ਦਿੱਲੀ ਵਿਚ ਨਗਰ ਕੀਰਤਨ ਦੇ ਰੂਪ ਵਿਚ ਆਰੰਭ ਹੋਵੇਗੀ ਅਤੇ 21 ਨਵੰਬਰ ਤੱਕ ਦਿੱਲੀ ਦੇ ਵੱਖ-ਵੱਖ ਭਾਗਾਂ ਵਿਚੋਂ ਹੁੰਦੀ ਹੋਈ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਹੀ ਸੰਪੰਨ ਹੋਵੇਗੀ।

**14 ਨਵੰਬਰ ਨੂੰ ਅੰਬਾਲਾ ਤੋਂ ਸ਼ੁਰੂ ਹੋ ਕੇ ਸ਼ਾਮ ਨੂੰ ਪਹੁੰਚੇਗੀ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ**

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਅਤੇ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਯਾਤਰਾ ਨੂੰ ਲੈ ਕੇ ਸੰਗਤਾਂ ਵਿਚ ਬਹੁਤ ਸ਼ਰਧਾ ਤੇ ਸਤਿਕਾਰ ਹੈ ਤੇ ਸੰਗਤਾਂ ਵੱਡੀ ਗਿਣਤੀ ਵਿਚ ਨਗਰ ਕੀਰਤਨ ਰੂਪੀ ਯਾਤਰਾ ਵਿਚ ਸ਼ਾਮਲ ਹੋ ਰਹੀਆਂ ਹਨ। ਉਹਨਾਂ ਦੱਸਿਆ ਕਿ ਯਾਤਰਾ ਵਿਚ ਨਿਹੰਗ ਸਿੰਘਾਂ ਦੇ ਜੱਥੇ ਸਮੇਤ ਦਲ ਪੰਥ ਦੀਆਂ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹਨ। ਉਹਨਾਂ ਦੱਸਿਆ ਕਿ ਨਗਰ ਕੀਰਤਨ ਵਿਚ ਗੱਤਕਾ ਪਾਰਟੀਆਂ ਸਮੇਤ ਅਨੇਕਾਂ ਪੰਥਕ ਨੁਮਾਇੰਦੇ ਸ਼ਾਮਲ ਹਨ। ਉਹਨਾਂ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਇਸ ਗੱਲ ਦੇ ਪੁਖ਼ਤਾ ਪ੍ਰਬੰਧ ਕੀਤੇ ਹਨ ਕਿ ਦਿੱਲੀ ਵਿਚ ਇਹ ਯਾਤਰਾ ਕੌਮੀ ਰਾਜਧਾਨੀ ਦੇ ਤਕਰੀਬਨ ਹਰ ਖੇਤਰ ਵਿਚੋਂ ਗੁਜ਼ਰੇ। ਉਹਨਾਂ ਕਿਹਾ ਕਿ ਸੰਗਤਾਂ ਵਿਚ ਇਸ ਨਗਰ ਕੀਰਤਨ ਨੂੰ ਲੈ ਕੇ ਬਹੁਤ ਉਤਸ਼ਾਹ ਹੈ ਕਿਉਂਕਿ ਜਿਸ ਥਾਂ 'ਤੇ ਆ ਕੇ ਕਸ਼ਮੀਰੀ ਪੰਡਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਪਣੀ ਫਰਿਆਦ ਕੀਤੀ ਸੀ, ਉਥੋਂ ਹੀਇਹ ਯਾਤਰਾ ਆਰੰਭ ਹੋਈ ਹੈ ਤੇ ਜਿਸ ਥਾਂ 'ਤੇ ਗੁਰੂ ਸਾਹਿਬ ਨੇ ਸ਼ਹਾਦਤ ਦਿੱਤੀ, ਉਥੇ ਆ ਕੇ ਇਹ ਯਾਤਰਾ ਸੰਪੰਨ ਹੋਵੇਗੀ। ਉਹਨਾਂ ਕਿਹਾ ਕਿ ਇਹ ਸੰਗਤਾਂ ਦੀ ਖੁਸ਼ਿਕਸਮਤੀ ਹੈ ਕਿ ਇਹ 350 ਸਾਲਾ ਸ਼ਹੀਦੀ ਦਿਹਾੜਾ ਉਹਨਾਂ ਦੇ ਜੀਵਨ ਕਾਲ ਵਿਚ ਆਇਆ ਹੈ ਜਿਸਨੂੰ ਮਨਾਉਣ ਦਾ ਸੁਭਾਗ ਉਹਨਾਂ ਨੂੰ ਪ੍ਰਾਪਤ ਹੋਇਆ ਹੈ। ਉਹਨਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਦੇ ਤਿੰਨ ਅਨਿੰਨ ਸੇਵਕਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਦੀ ਇਹ ਵਰ੍ਹੇਗੰਢ ਬਹੁਤ ਵੱਡਾ ਮੌਕਾ ਹੈ ਜਦੋਂ ਸੰਗਤਾਂ ਗੁਰਬਾਣੀ ਨਾਲ ਜੁੜ ਕੇ ਗੁਰੂ ਘਰ ਦੀ ਸੇਵਾ ਦਾ ਸੁਭਾਗ ਪ੍ਰਾਪਤ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਦਿੱਲੀ ਅਤੇ ਕੇਂਦਰ ਸਰਕਾਰ ਨਾਲ ਮਿਲ ਕੇ ਇਹ ਇਤਿਹਾਸਕ ਮੌਕਾ ਮਨਾਉਣ ਵਾਸਤੇ ਬਹੁਤ ਵੱਡੀ ਪੱਧਰ 'ਤੇ ਯੋਜਨਾਬੰਦੀ ਕੀਤੀ ਹੈ ਤੇ ਇਸ ਤਹਿਤ 23 ਤੋਂ 25 ਨਵੰਬਰ ਤੱਕ ਲਾਲ ਕਿਲ੍ਹੇ 'ਤੇ ਵੱਡੇ ਸਮਾਗਮ ਹੋਣ ਜਾ ਰਹੇ ਹਨ ਜਿਸ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਣਗੀਆਂ। ਉਹਨਾਂ ਕਿਹਾ ਕਿ ਉਹ ਦਿੱਲੀ ਦੀਆਂ ਸੰਗਤਾਂ ਦੇ ਧੰਨਵਾਦੀ ਹਨ ਜਿਹਨਾਂ ਨੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਹਮੇਸ਼ਾ ਭਰਪੂਰ ਸਹਿਯੋਗ ਦਿੱਤਾ ਹੈ ਤੇ ਅੱਗੇ ਵੀ ਦਿੰਦੀਆਂ ਰਹਿਣਗੀਆਂ।

# ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ, ਥਾਂ–ਥਾਂ ਸੰਗਤਾਂ ਨੇ ਕੀਤਾ ਭਰਵਾਂ ਸੁਆਗਤ



ਫ਼ਿਰੋਜ਼ਪੁਰ, 13 ਨਵੰਬਰ (ਮਨੋਹਰ ਲਾਲ) :– ਸ੍ਰੀ ਹਰਮਿੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਆਪਣੀ ਸ਼ਹੀਦੀ ਦੀ ਅਨੋਖੀ ਮਿਸਾਲ ਪੈਦਾ ਕਰਨ ਵਾਲੇ ਦਮਦਮੀ ਟਕਸਾਲ ਦੇ ਬਾਨੀ ਧੰਨ–ਧੰਨ ਬਾਬਾ ਦੀਪ ਸਿੰਘ ਜੀ ਦਾ ਮਹਾਨ 35ਵਾਂ ਸ਼ਹੀਦੀ ਦਿਹਾੜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਈ ਹਾਕਮ ਸਿੰਘ ਮਖੂ ਗੇਟ ਫ਼ਿਰੋਜ਼ਪੁਰ ਸ਼ਹਿਰ ਅਤੇ ਇਲਾਕੇ ਭਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸ਼ਹੀਦੀ ਦਿਹਾੜੇ ਦੇ ਸਬੰਧ ਵਿਚ ਹੀ ਇਕ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜ਼ੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਇਆ ਗਿਆ, ਜ਼ੋ ਤਕਰੀਬਨ ਸਵੇਰੇ 10:30 ਵਜੇ ਗੁ: ਭਾਈ ਹਾਕਮ ਸਿੰਘ ਮਖੂ ਗੇਟ ਤੋਂ ਰਵਾਨਾ ਹੋਇਆ ਅਤੇ ਸ਼ਹਿਰ ਦੇ ਵੱਖ–ਵੱਖ ਮੁਹਲਿਆਂ ਬਾਂਸੀ ਗੇਟ, ਅੰਮ੍ਰਿਤਸਰੀ ਗੇਟ, ਕਸੂਰੀ ਗੇਟ, ਮੁਲਤਾਨੀ ਗੇਟ, ਊਧਮ ਸਿੰਘ ਚੌਂਕ, ਮੱਲਾਂਵਾਲਾ ਰੋਡ, ਬੱਸ ਸਟੈਂਡ ਸ਼ਹਿਰ, ਅੱਛੇ ਵਾਲਾ ਰੋਡ, ਗੋਲਡਨ ਇਨਕਲੇਵ, ਦਾਣਾ ਮੰਡੀ, ਸਬਜੀ ਮੰਡੀ, ਰਖੜੀ ਰੋਡ ਜ਼ੀਰਾ ਗੇਟ ਤੋਂ ਹੁੰਦਾ ਹੋਇਆ ਸ਼ਾਮ ਵਾਪਸ ਗੁਰਦੁਆਰਾ ਸਾਹਿਬ ਪਹੁੰਚਿਆ। ਫੁੱਲਾਂ ਨਾਲ ਖ਼ੂਬਸੂਰਤ ਸਜਾਈ ਪਾਲਕੀ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਬਿਤ ਸਨ, ਜਿਨ੍ਹਾਂ ਦੇ ਅੱਗੇ ਪੰਜ ਪਿਆਰੇ ਇਸ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ। ਪਾਲਕੀ ਸਾਹਿਬ ਦੇ ਅੱਗੇ–ਅੱਗੇ ਜਲ ਛਿੜਕਨ ਦੀ ਸੇਵਾ ਕੀਤੀ ਜਾ ਰਹੀ ਸੀ ਤੇ ਬੀਬੀਆਂ ਵੱਲੋਂ ਝਾੜੂ ਦੀ ਸੇਵਾ ਕੀਤੀ ਜਾ ਰਹੀ ਸੀ। ਰਸਤੇ ਵਿਚ ਸੰਗਤਾਂ ਵੱਲੋਂ ਇਸ ਨਗਰ ਕੀਰਤਨ ਦਾ ਜੈਕਾਰਿਆਂ ਦੀ ਗੂੰਜ ਵਿਚ ਸਵਾਗਤ ਕਰਨ ਦੇ ਨਾਲ ਫੱਲਾਂ, ਮਠਿਆਈ, ਚਾਹ ਅਤੇ ਗੁਰੂ ਕੇ ਲੰਗਰ ਵੀ ਅਤੁੱਟ ਵਰਤਾਏ ਗਏ। ਪ੍ਰਬੰਧਕਾਂ ਬਾਬਾ ਮੁਖਤਿਆਰ ਸਿੰਘ, ਭਾਈ ਜ਼ਸਪਾਲ ਸਿੰਘ ਅਤੇ ਸਾਥੀਆਂ ਨੇ ਦੱਸਿਆ ਕਿ ਇਸ ਸ਼ਹੀਦੀ ਦਿਹਾੜੇ ਦਾ ਮੁੱਖ ਸਮਾਗਮ 15 ਨਵੰਬਰ ਦਿਨ ਸ਼ਨੀਵਾਰ ਨੂੰ ਹੋਵੇਗਾ, ਜਿਸ ਵਿਚ ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ, ਭਾਈ ਸਲਵਿੰਦਰ ਸਿੰਘ, ਭਾਈ ਰਣਜੀਤ ਸਿੰਘ ਜਿਥੇ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਰਾਹੀਂ ਨਿਹਾਲ ਕਰਨਗੇ, ਉਥੇ ਪੰਥ ਪ੍ਰਸਿੱਧ ਢਾਡੀ ਜਥਾ ਗਿ: ਲਖਵੀਰ ਸਿੰਘ ਕੋਮਲ ਅੰਮ੍ਰਿਤਸਰ ਵਾਲੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਬਾਬਾ ਜੀ ਦੀ ਜੀਵਨੀ ਤੇ ਚਾਨਣਾ ਪਾਉਣਗੇ। ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ। ਇਸ ਸਮੇਂ ਬਾਬਾ ਮੁਖਤਿਆਰ ਸਿੰਘ, ਭਾਈ ਜ਼ਸਪਾਲ ਸਿੰਘ ਤੋਂ ਇਲਾਵਾ ਸੁਰਜੀਤ ਸਿੰਘ, ਗੁਰਚਰਨ ਸਿੰਘ ਬਾਵਾ, ਨਿਰਮਲ ਸਿੰਘ, ਸੁਖਬੀਰ ਸਿੰਘ ਸੰਧੂ, ਅਜਮੇਰ ਸਿੰਘ, ਬਲਵਿੰਦਰ ਸਿੰਘ ਰਾਜੂ, ਅਨੂਪ ਸਿੰਘ, ਸੁਖਦੇਵ ਸਿੰਘ ਭੁੱਲਰ, ਜ਼ੋਗਾ ਸਿੰਘ, ਜਗਰੂਪ ਸਿੰਘ, ਪਿੱਪਲ ਸਿੰਘ ਸਿੱਧੂ, ਗੁਰਨਾਮ ਸਿੰਘ ਸਮੇਤ ਹੋਰ ਵੀ ਕਈ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕੇਂਦਰੀ ਮੰਤਰੀ ਰਵਨੀਤ ਬਿੱਟੂ ਤੇ ਰਾਣਾ ਸੋਢੀ ਦੇ ਯਤਨਾਂ ਸਦਕਾ ਫ਼ਿਰੋਜ਼ਪੁਰ—ਪੱਟੀ ਰੇਲ ਲਿੰਗ ਜਲਦੀ ਪੂਰੀ ਹੋਵੇਗਾ—ਜਗਜੀਤ ਸਿੰਘ ਭੁੱਲਰ

**ਫ਼ਿਰੋਜ਼ਪੁਰ, 13 ਨਵੰਬਰ (ਮਨੋਹਰ ਲਾਲ)** :—ਪਿਛਲੇ ਕਈ ਸਾਲਾਂ ਤੋ ਫਿਰੋਜਪੁਰ—ਪੱਟੀ ਰੇਲ ਲਿੰਕ ਬਾਰੇ ਕਈ ਬਿਆਨ ਜਾਰੀ ਹੋਏ ਸਨ। ਕਈ ਜਥੇਬੰਦੀਆ ਨੇ ਸਰਕਾਰਾਂ ਨੂੰ ਮੈਮੋਰੰਡਮ ਵੀ ਦਿਤੇ, ਪਰ ਇਹ ਪ੍ਰੋਜੈਕਟ ਹਲੇ ਤੱਕ ਸਿਰੇ ਨਹੀ ਚੜ ਸਕਿਆ। ਵਿਸ਼ਵ ਭਾਈ ਮਰਦਾਨਾ ਸੋਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਅੱਜ ਕੇਂਦਰ ਦੇ ਰੇਲਵੇ ਰਾਜ ਮੰਤਰੀ ਵਲੋ ਜਾਣਕਾਰੀ ਦਿੱਤੀ ਗਈ ਹੈ ਕਿ ਫਿਰੋਜਪੁਰ—ਪੱਟੀ ਰੇਲ ਲਾਇਨ ਦਾ ਕੰਮ ਜਲਦੀ ਸ਼ੁਰੂ ਕੀਤਾ ਜਾਵੇਗਾ, ਜਿਸ ਲਈ ਕਿਸਾਨਾ ਦੀ ਜਮੀਨ ਵੀ ਇਕਵਇਰ ਕੀਤੀ ਜਾਵੇਗੀ, ਇਹ ਰੇਲ ਮਾਰਗ 25.7 ਕਿਲੋਮੀਟਰ ਦਾ ਹੋਵੇਗਾ ਜਿਸ ਉਪਰ 764 ਕਰੋੜ ਦੀ ਲਾਗਤ ਆਵੇਗੀ।



ਆਵਾਜ਼ਿ ਕੌਮ AWAZE QAUM International Newspaper & WEB TV

ਇਸ ਰੇਲਵੇ ਲਾਇਨ ਵਿਚ 5 ਪਿੰਡ ਫਿਰੋਜਪੁਰ ਦੇ ਅਤੇ 4 ਪਿੰਡ ਤਰਨਤਾਰਨ ਦੇ ਆਉਣਗੇ। ਗੱਲਬਾਤ ਕਰਦਿਆਂ ਭੁੱਲਰ ਨੇ ਆਖਿਆ ਕਿ ਰਾਣਾ ਗੁਰਮੀਤ ਸਿੰਘ ਸੋਢੀ ਦੇ ਯਤਨਾ ਸਦਕਾ ਵੰਦੇ ਭਾਰਤ ਅਤੇ ਹਜ਼ੂਰ ਸਾਹਿਬ ਲਈ ਟਰੇਨਾਂ ਚੱਲੀਆ ਹਨ ਇਹ ਫਿਰੋਜਪੁਰ—ਪੱਟੀ ਰੇਲ ਲਾਇਨ ਦਾ ਕੰਮ ਵੀ ਜਲਦੀ ਪੂਰਾ ਕਰਵਾਉਣਗੇ। ਕੇਂਦਰੀ ਮੰਤਰੀ ਰਵਣੀਤ ਬਿੱਟੂ ਨੂੰ ਵੀ ਅਪੀਲ ਕੀਤੀ ਕਿ ਸਾਲਾ ਤੋਂ ਲਟਕਦੇ ਹੋਏ ਇਸ ਪ੍ਰੋਜੈਕਟ ਨੂੰ ਸਿਰੇ ਜਲਦੀ ਲਗਾਉ ਤਾਂ ਜੋ ਫਿਰੋਜਪੁਰ—ਅੰਮ੍ਰਿਤਸਰ ਨੂੰ ਰੇਲ ਲਾਇਨ ਨਾਲ ਜੋੜਨ ਦਾ ਕੰਮ ਵੀ ਅਗੇ ਵੱਧ ਸਕੇ, ਜਿਸ ਨਾਲ ਸੰਗਤਾ ਫਿਰੋਜਪੁਰ ਤੋ ਅੰਮ੍ਰਿਤਸਰ ਟਰੇਨ ਰਾਹੀ ਜਾ ਸਕਣ।

# ਵਿਧਾਨ ਸਭਾ ਹਲਕਾ ਚੱਬੇਵਾਲ ਵਿਚ 5.12 ਕਰੋੜ ਨਾਲ ਹੋਣਗੇ ਵਿਕਾਸ ਕਾਰਜ - ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ

**ਹੁਸ਼ਿਆਰਪੁਰ/ਚੱਬੇਵਾਲ, 13 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਸੂਬੇ ਦੇ ਹਰ ਪਿੰਡ ਤੇ ਕਸਬੇ ਵਿਚ ਵਿਕਾਸ ਕਰਵਾਉਣ ਲਈ ਵਚਨਬੱਧ ਹੈ ਅਤੇ ਇਸੇ ਕੜੀ ਤਹਿਤ ਅੱਜ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਵਿਚ ਵਿਕਾਸ ਕਾਰਜਾਂ ਲਈ 5 ਕਰੋੜ 12 ਲੱਖ ਰੁਪਏ ਦੀ ਰਾਸ਼ੀ ਵੰਡੀ ਗਈ ਹੈ, ਆਉਣ ਵਾਲੇ ਸਮੇਂ ਦੌਰਾਨ ਵੀ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਵਿਕਾਸ ਕਾਰਜਾਂ ਲਈ ਰਾਸ਼ੀ ਦੀ ਵੰਡ ਕਰਨ ਸਮੇਂ ਕੀਤਾ ਅਤੇ ਇਸ ਮੌਕੇ ਅਧਿਕਾਰੀਆਂ ਤੇ ਪਿੰਡਾਂ ਦੇ ਮੋਹਤਬਰਾਂ ਨੂੰ ਅਪੀਲ ਕੀਤੀ ਕਿ ਵਿਕਾਸ ਲਈ ਜਾਰੀ ਕੀਤੇ ਗਏ ਇਹ ਫੰਡ ਪੂਰੇ ਪਾਰਦਰਸ਼ੀ ਤਰੀਕੇ ਨਾਲ ਖਰਚ ਕੀਤੇ ਜਾਣ ਅਤੇ ਵਿਕਾਸ ਕਾਰਜ ਕਰਨ ਸਮੇਂ ਨਾ ਤਾਂ ਕਿਸੇ ਤਰ੍ਹਾਂ ਦਾ ਭੇਦਭਾਵ ਕੀਤਾ ਜਾਵੇ ਤੇ ਨਾ ਹੀ ਕੁਆਲਿਟੀ ਦੇ ਪੱਖ ਤੋਂ ਕੋਈ ਸਮਝੌਤਾ ਕੀਤਾ ਜਾਵੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਸੂਬੇ ਦੀ ਆਪ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਉਹ ਸਾਰੇ ਵਾਅਦੇ ਇਕ-ਇਕ ਕਰਕੇ ਪੂਰੇ ਕਰ ਰਹੀ ਹੈ ਜੋ ਕਿ ਸਰਕਾਰ ਬਣਾਉਣ ਤੋਂ ਪਹਿਲਾ ਅਸੀਂ ਆਪਣੇ ਲੋਕਾਂ ਨਾਲ ਕੀਤੇ ਸਨ। ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਹਲਕਾ ਚੱਬੇਵਾਲ ਵਿਚ ਪਹਿਲਾ ਵੀ ਕਰੋੜਾਂ ਰੁਪਏ ਖ਼ਰਚ ਕਰਕੇ ਵੱਖ-ਵੱਖ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ ਅਤੇ ਭਵਿੱਖ ਵਿਚ ਵੀ ਵਿਕਾਸ ਕਾਰਜਾਂ ਵਿਚ ਕਿਸੇ ਤਰ੍ਹਾਂ ਦੀ ਕੋਈ ਖੜੋਤ ਨਹੀਂ ਆਉਣ ਦਿੱਤੀ ਜਾਵੇਗੀ।

### ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਚੰਨਣਕੇ ਵਿਖੇ

# ਬੈਂਗ, ਬੂਟ, ਜੁਰਾਬਾਂ ਦਿੱਤੀਆਂ ਗਈਆਂ



**ਚੌਂਕ ਮਹਿਤਾ, 13 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਚੰਨਣਕੇ ਵਿੱਖੇ ਮੈਡਲ। ਨਵਨੀਤ ਕੌਰ ਦੀ ਅਗਵਾਈ ਹੇਠ ਮੈਜਮੈਟ ਵੱਲੋਂ ਬੱਚਿਆਂ ਨੂੰ ਬੈਗ, ਬੂਟ ਜੁਰਾਬਾਂ ਦਿੱਤੀਆਂ ਗਈਆਂ ਇਸ ਮੌਕੇ ਤੇ ਖ਼ਾਸ ਕਰਕੇ ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ , ਪਿੰਡ ਚੰਨਣਕੇ ਦੇ ਮੌਜੂਦਾ ਸਰਪੰਚ ਕੁਲਵਿੰਦਰ ਸਿੰਘ ਮਿਠਾ ਚੰਨਣਕੇ ਨੇ ਆਪਣੇ ਸੁਭ ਹੱਥਾਂ ਨਾਲ ਬੱਚਿਆਂ ਨੂੰ ਬੈਗ ਬੂਟ ਜੁਰਾਬਾਂ ਵੰਡੀਆਂ ਗਈਆਂ। ਅਤੇ ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਦੇ ਮੈਜਮੈਂਟ ਅਤੇ ਸਕੂਲ ਦੀ ਮੁੱਖ ਅਧਿਆਪਕਾ ਮੈਡਲ ਨਵਨੀਤ ਕੌਰ ਅਤੇ ਸਟਾਫ ਦੀ ਸ਼ਲਾਘਾ ਕੀਤੀ ਇਸ ਮੌਕੇ ਸਰਪੰਚ ਕੁਲਵਿੰਦਰ ਸਿੰਘ ਮਿਠਾ, ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ, ਮੁੱਖ ਅਧਿਆਪਕਾ ਸ੍ਰੀ ਮਤੀ ਮੈਡਮ ਨਵਨੀਤ ਕੌਰ, ਮੈਡਮ ਗੁਰਮੀਤ ਕੌਰ, ਮੈਡਮ ਲਵਦੀਪ ਕੌਰ, ਮੈਡਮ ਸੁਖਬੀਰ ਕੌਰ, ਮੈਡਮ ਸੁਖਮੀਤ ਕੌਰ, ਮੈਡਮ ਮਨਦੀਪ ਕੌਰ, ਮੈਡਮ ਲਵਦੀਪ ਕੌਰ ਆਦਿ ਸਮੂਹ ਸਟਾਫ ਹਾਜਰ ਸਨ।

### ਪੰਜਵੇਂ ਕੇਸਾਂਧਾਰੀ ਹਾਕੀ ਟੂਰਨਾਮੈਂਟ ਦਾ ਫਾਈਨਲ ਮੈਚ

# 15 ਨਵੰਬਰ ਨੂੰ ਹੋਵੇਗਾ : ਕਰਨੈਲ ਸਿੰਘ ਪੀਰ ਮੁਹੰਮਦ / ਜਸਬੀਰ ਸਿੰਘ ਮੋਹਾਲੀ











ਇੰਟਰਨੈਸ਼ਨਲ ਸਿੱਖ ਸਪੋਰਟਸ ਕੌਂਸਲ ਦੇ ਡਾਇਰੈਕਟਰ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਇੰਟਰਨੈਸ਼ਨਲ ਹਾਥੀ ਸਟੇਡੀਅਮ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ ਵਿਖੇ ਪੰਜ ਰੋਜ਼ਾਕੇਸਾਧਾਰੀ ਹਾਕੀ ਟੂਰਨਾਮੈਂਟ ਜਿੱਤਣ ਵਾਲੀ ਟੀਮ ਨੂੰ ਇਕ ਲੱਖ ਰੁਪਆ ਇਨਾਮ ਦੂਸਰੇ ਨੰਬਰ ਤੇ ਆਉਣ ਵਾਲੀ ਟੀਮ ਨੂੰ 51 ਨਾਮ ਤੀਸਰੇ ਨੰਬਰ ਤੇ ਆਉਣ ਵਾਲੀ ਟੀਮ ਨੂੰ 31 ਨਾਮ ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 21 ਦਾ ਨਾਮ ਤੇ ਪੰਜਵੇਂ ਨੰਬਰ ਤੇ ਆਉਣ ਵਾਲੀ ਟੀਮ ਨੂੰ 11 ਦੇ ਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ। ਇੰਟਰਨੈਸ਼ਨਲ ਸਿੱਖ ਸਪੋਰਟਸ ਦੇ ਪ੍ਰਧਾਨ ਸਰਦਾਰ ਜਸਬੀਰ ਸਿੰਘ ਨੇ ਹੋਰ ਜਾਣਕਾਰੀ ਦਿੰਦਿਆ ਦੱਸਿਆ ਕਿ 15 ਨਵੰਬਰ ਨੂੰ ਪੰਥ ਦੀਆਂ ਮਾਨ ਸਨਮਾਨ ਵਾਲੀਆਂ ਹਸਤੀਆਂ ਇੱਥੇ ਪਹੁੰਚਣਗੀਆਂ ਜਿਨਾਂ ਦੀ ਹਾਜ਼ਰੀ ਵਿੱਚ ਅਸੀਂ ਜਿਹੜੇ ਜਿੱਤ ਚੁੱਕੇ ਨੈਸ਼ਨਲ ਇੰਟਰਨੈਸ਼ਨਲ ਪੱਧਰ ਦੇ ਹਾਕੀ ਖਿਡਾਰੀ ਵੱਖ-ਵੱਖ ਖੇਤਰਾਂ ਵਿੱਚ ਵਿਚਰ ਰਹੇ ਹਨ ਉਹਨਾਂ ਦਾ ਵੀ ਅਸੀਂ ਵਿਸ਼ੇਸ਼ ਸਨਮਾਨ ਕਰਾਂਗੇ ਉਹਨਾਂ ਸਮੂਹ ਖੇਡ ਪ੍ਰੇਮੀਆਂ ਨੂੰ ਬੇਨਤੀ ਕੀਤੀ ਕਿ ਉਹ ਵੱਡੀ ਗਿਣਤੀਉਹ ਵੱਡੀ ਗਿਣਤੀ ਦੇ ਵਿੱਚ ਆਪਣੇ ਪਰਿਵਾਰਾਂ ਸਮੇਤ ਇਸ ਮੌਕੇ ਪਹੁੰਚਣ ਦੀ ਕਿਰਪਾਲਤਾ ਕਰਨ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਵਿਸ਼ਵ ਦੇ ਅੰਦਰ ਇਹ ਪਹਿਲਾ ਨਿਵੇਕਲਾ ਉਪਰਾਲਾ ਹੈ ਜੌ ਕਿ ਇੰਟਰਨੈਸ਼ਨਲ ਸਿੱਖ ਸਪੋਰਟਸ ਕੌਂਸਲ ਵੱਲੋਂ ਕੀਤਾ ਜਾ ਰਿਹਾ ਹੈ। ਜਿਸ ਦੇ ਵਿੱਚ ਸਾਡੀ ਖਾਹਿਸ਼ ਹੈ ਕਿ ਆਉਣ ਵਾਲੇ ਸਮੇਂ ਦੇ ਵਿੱਚ ਵਿਸ਼ਵ ਪੱਧਰ ਦੀ ਸਿੱਖੀ ਸਰੂਪ ਵਾਲੀ ਇੱਕ ਹਾਕੀ ਟੀਮ ਬਣ ਸਕੇ ਉਸ ਦੇ ਲਈ ਸਾਡੇ ਉਪਰਾਲੇ ਨਿਰੰਤਰ ਜਾਰੀ ਹਨ ਸਾਨੂੰ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਖੇਡ ਪ੍ਰੇਮੀਆਂ ਵੱਲੋਂ ਬੜਾ ਵੱਡਾ ਸਹਿਯੋਗ ਮਿਲ ਰਿਹਾ ਹੈ ਜਿਸ ਕਰਕੇ ਅਸੀਂ ਇਹ ਪੰਜਵਾਂ ਕੇਸਾਂਧਾਰੀ ਹਾਕੀ ਟੂਰਨਾਮੈਂਟ ਕਰਾਉਣ ਵਿੱਚ ਕਾਮਯਾਬ ਹੋਏ ਹਾਂ।

# ਆਉ ! ਖਾਲਸਾ ਜੀ ਦੀਨਾ ਕਾਂਗੜਾ ਨੂੰ ਚੱਲੀਏ ! ! ਪ੍ਰਗਟ ਭਏ ਗੁਰੂ ਤੇਗ ਬਹਾਦਰ






ਆਉ ! ਖਾਲਸਾ ਜੀ ਦੀਨਾ ਕਾਂਗੜਾ ਨੂੰ ਚੱਲੀਏ !!ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸਟ ਪੈ ਢਾਪੀ ਚਾਦਰ।।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ ਗੁਰਦੁਆਰਾ ਦੀਨਾ ਕਾਂਗੜਾ , ਜਿਲਾ ਮੋਗਾ ਵਿਖੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਤੇ ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਫੈਸਲਾ ਕੀਤਾ ਹੈ , ਉਹ ਬਹੁਤ ਸ਼ਲਾਘਾਯੋਗ ਉਪਰਾਲਾ ਹੈ ।ਉਸ ਪ੍ਰਤੀ ਸਾਰੀਆਂ ਸੰਗਤਾਂ ਨੂੰ ਅਪੀਲ ਹੈ ਕਿ ਆਉਣ ਵਾਲੀ 23 ਨਵੰਬਰ ਨੂੰ ਦੀਨਾ ਕਾਂਗੜਾ ਵਿਖੇ ਪਹੁੰਚ ਕੇ ਗੁਰੂ ਸਾਹਿਬ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ । ਧਰਮ ਦੀ ਚਾਦਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਹੁਤ ਮਹਾਨ ਅਤੇ ਨਿਵੇਕਲੀ ਹੈ । ਜਿਹਨਾਂ ਨੇ ਦੂਸਰੇ ਧਰਮ ( ਹਿੰਦੂ ਧਰਮ) ਨੂੰ ਬਚਾਉਣ ਵਾਸਤੇ ਆਪਣਾ ਸੀਸ ਕੁਰਬਾਨ ਕਰ ਦਿੱਤਾ । ਦੁਨੀਆ ਭਰ ਵਿੱਚ ਕੋਈ ਅਜਿਹੀ ਹੋਰ ਮਿਸਾਲ ਨਹੀਂ ਮਿਲਦੀ ਜਿੱਥੇ ਕਿਸੇ ਰਹਿਬਰ ਨੂੰ ਦੂਜੇ ਧਰਮ ਨੂੰ ਮੰਨਣ ਵਾਲਿਆਂ ਦੀ ਬੇਨਤੀ ਨੂੰ ਸਵੀਕਾਰ ਕਰਦਿਆਂ , ਉਹਨਾ ਦੀ ਜਗ੍ਹਾ ਆਪ ਸ਼ਹਾਦਤ ਦਿੱਤੀ ਹੋਵੇ । ਮੇਰੀ ਸਿੱਖ ਬੀਬੀਆਂ ਨੂੰ ਨਿਮਰਤਾ ਸਹਿਤ ਅਪੀਲ ਹੈ ਕਿ ਇਸ ਸ਼ਹੀਦੀ ਸਮਾਗਮ ਵਿੱਚ ਜਰੂਰ ਹਾਜਰੀ ਭਰੀ ਜਾਵੇ।

**-ਕੁਲਵਿੰਦਰ ਕੌਰ ਕਰਤਾਰਪੁਰ**
**ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ( ਇਸਤਰੀ ਵਿੰਗ), ਜਿਲਾ ਜਲੰਧਰ**

# ਜ਼ਿਲ੍ਹਾ ਕਾਂਗਰਸ ਕਮੇਟੀ ਬਠਿੰਡਾ ਸ਼ਹਿਰੀ ਦੇ ਦੂਸਰੀ ਵਾਰ ਬਣੇ ਪ੍ਰਧਾਨ ਰਾਜਨ ਗਰਗ ਹੋਏ ਧਾਰਮਿਕ ਸਥਾਨਾਂ ਵਿਖੇ ਨਤਮਸਤਕ,ਕੀਤੀ ਚੜ੍ਹਦੀ ਕਲਾ ਦੀ ਅਰਦਾਸ

**ਬਠਿੰਡਾ 13 ਨਵੰਬਰ (ਆਵਾਜ਼ਿ ਕੌਮ ਬਿਊਰੋ)**:- ਕਾਂਗਰਸ ਦੀ ਹਾਈ ਕਮਾਂਡ ਵੱਲੋਂ ਸੰਗਠਨ ਸਿਰਜਣ ਅਭਿਆਨ ਤਹਿਤ ਵਰਕਰਾਂ ਦੀ ਰਾਏ ਲੈਣ ਉਪਰੰਤ ਜ਼ਿਲ੍ਹਾ ਬਠਿੰਡਾ ਸ਼ਹਿਰੀ ਦੇ ਦੂਸਰੀ ਵਾਰ ਪ੍ਰਧਾਨ ਲਾਏ ਰਾਜਨ ਗਰਗ ਵੱਲੋਂ ਅੱਜ ਸਮੁੱਚੀ ਕਾਂਗਰਸ ਲੀਡਰਸ਼ਿਪ ਦੇ ਨਾਲ ਮੰਦਰ ਮਾਡਲ ਟਾਊਨ ਅਤੇ ਗੁਰੂ ਘਰ ਵਿਖੇ ਨਤਮਸਤਕ ਹੋਕੇ ਪਾਰਟੀ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ ਅਤੇ ਕਾਂਗਰਸ ਨੂੰ ਬੂਥ ਪੱਧਰ ਤੇ ਮਜਬੂਤ ਬਣਾਉਣ ਦਾ ਪ੍ਰਣ ਲਿਆ ਗਿਆ। ਇਸ ਮੌਕੇ ਉਹਨਾਂ ਦੇ ਨਾਲ ਅਸ਼ੋਕ ਕੁਮਾਰ, ਟਹਿਲ ਸਿੰਘ ਸੰਧੂ, ਅਰੁਣ ਵਧਾਵਣ, ਬਲਵੰਤ ਰਾਏ ਨਾਥ, ਬਲਜਿੰਦਰ ਸਿੰਘ ਠੇਕੇਦਾਰ, ਰੁਪਿੰਦਰ ਬਿੰਦਰਾ, ਬਲਰਾਜ ਪੱਕਾ, ਮਾਧਵ ਸ਼ਰਮਾ, ਹਰਵਿੰਦਰ ਸਿੰਘ ਲੱਡੂ, ਕਿਰਨਜੀਤ ਸਿੰਘ ਗਹਿਰੀ, ਅੰਮ੍ਰਿਤ ਕੌਰ ਗਿੱਲ, ਸਿਮਰਤ ਕੌਰ ਧਾਲੀਵਾਲ, ਰਮੇਸ਼ ਰਾਣੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਅਤੇ ਸਮੁੱਚੀ ਲੀਡਰਸ਼ਿਪ ਮੌਜੂਦ ਸੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਾਜਨ ਗਰਗ ਨੇ ਮਲਕਾ ਅਰਜੁਨ ਖੜਗੇ, ਸੋਨੀਆ ਗਾਂਧੀ, ਰਾਹੁਲ ਗਾਂਧੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਸਮੇਤ ਸਮੁੱਚੀ ਕਾਂਗਰਸ ਲੀਡਰਸ਼ਿਪ ਦਾ ਧੰਨਵਾਦ ਕਰਦੇ ਹੋਏ ਵਿਸ਼ਵਾਸ ਦਵਾਇਆ ਕਿ ਬੂਥ ਪੱਧਰ ਤੇ ਕਾਂਗਰਸ ਨੂੰ ਮਜਬੂਤ ਕਰਨ ਲਈ ਪਹਿਲਾਂ ਦੀ ਤਰ੍ਹਾਂ ਯਤਨ ਜਾਰੀ ਰਹਿਣਗੇ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਦੇ 50 ਵਾਰਡਾਂ ਦੇ ਪ੍ਰਧਾਨ ਥਾਪੇ ਜਾਣਗੇ ਤਾਂ ਜੋ ਨਗਰ ਨਿਗਮ ਚੋਣਾਂ ਲਈ ਵੀ ਪੂਰੀਆਂ ਤਿਆਰੀਆਂ ਕਰਕੇ ਕਾਂਗਰਸ ਦੀ ਬਹੁਮਤ ਨਾਲ ਆਪਣਾ ਮੇਅਰ ਬਣਾਇਆ ਜਾ ਸਕੇ ਉਹਨਾਂ ਕਿਹਾ ਕਿ ਦੇਸ਼ ਵਿੱਚ ਜਿੱਥੇ ਮੋਦੀ ਸਰਕਾਰ ਤੋਂ ਲੋਕ ਨਰਾਜ਼ ਹਨ, ਉਥੇ ਹੀ ਪੰਜਾਬ ਦੀ ਮਾਨ ਸਰਕਾਰ ਤੋਂ ਵੀ ਲੋਕ ਨਰਾਜ਼ ਹਨ ਅਤੇ ਕਾਂਗਰਸ ਨੂੰ ਬਦਲ ਵਜੋਂ ਦੇਖ ਰਹੇ ਹਨ। ਉਹਨਾਂ ਕਿਹਾ ਕਿ ਕਾਂਗਰਸ ਲੀਡਰਸ਼ਿਪ ਵੱਲੋਂ ਦਿੱਤੀ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਇਆ ਜਾਵੇਗਾ ਤੇ ਕਾਂਗਰਸ ਨੂੰ ਮਜਬੂਤ ਬਣਾਉਣ ਲਈ ਸਮੁੱਚੀ ਲੀਡਰਸ਼ਿਪ ਨਾਲ ਇੱਕਜੁੱਟ ਹੋ ਕੇ ਜਿੱਥੇ ਨਰਾਜ਼ ਵਰਕਰਾਂ ਨੂੰ ਪਾਰਟੀ ਨਾਲ ਤੋਰਿਆ ਜਾਵੇਗਾ, ਉੱਥੇ ਹੀ ਕਾਫਲੇ ਨੂੰ ਵੱਡਾ ਕੀਤਾ ਜਾਵੇਗਾ। ਇਸ ਮੌਕੇ ਉਹਨਾਂ ਦੇ ਨਾਲ ਸਾਬਕਾ ਮੰਤਰੀ ਚਰੰਜੀ ਲਾਲ ਗਰਗ ਕੌਂਸਲਰ ਮਲਕੀਤ ਸਿੰਘ ਕੌਂਸਲਰ ਸੁਖਦੇਵ ਸਿੰਘ ਸੁੱਖਾ ਸੋਨੂ ਕੌਂਸਲਰ ਨਥੂਰਾਮ ਪ੍ਰਕਾਸ਼ ਚੰਦ ਬਲਤੇਜ ਸਿੰਘ ਹਰਪਾਲ ਬਾਜਵਾ ਸੁਰਜੀਤ ਸਿੰਘ ਮੋਖਾ ਸੁਰਿੰਦਰ ਜੀਤ ਸਿੰਘ ਸਾਹਨੀ ਦਪਿੰਦਰ ਮਿਸ਼ਰਾ ਸਾਜਨ ਸ਼ਰਮਾ ਰਾਮ ਪ੍ਰਕਾਸ਼ ਦੇਵ ਰਾਜ ਪੱਕਾ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243